# PUNJAB VIDHAN SABHA

## DEBATES

*Tuesday, the 15th March, 2016*

*Vol. XII– No. 5*

OFFICIAL REPORT

CONTENTS


| | Page |
|---|---|
| Postponed Starred Questions and Answers | (5) 1 |
| Starred Questions and Answers | (5) 1 |
| Presentation of the Budget Estimates for the year 2016-17 | (5) 42 |



**Punjab Vidhan Sabha Secretariat, Chandigarh**

Price : Rs.________.

# ਪੰਜਾਬ ਮੰਤਰੀ ਮੰਡਲ ਦੀ ਸੂਚੀ
## ਕੈਬਨਿਟ ਮੰਤਰੀ

| ਕ੍ਰਮ ਨੰ | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ,ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |
| 9) | ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 10) | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) | ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 12) | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 13) | ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 14) | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਚਾਈ ਮੰਤਰੀ |
| 17) | ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 18) | ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਜੰਗਲਾਤ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਡਾਕਟਰੀ ਸਿੱਖਿਆ ਅਤੇ ਖੋਜ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |
| 15) | ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) | ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) | ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) | ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) | ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

PUNJAB VIDHAN SABHA

*Tuesday, the 15th March, 2016*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

--------

## POSTPONED STARRED QUESTION AND ANSWER

**ਮਾਨਯੋਗ ਸਪੀਕਰ:** ਹਾਂ ਜੀ, ਜਿਹੜਾ ਪ੍ਰਸ਼ਨ ਕੱਲ੍ਹ ਪੋਸਟਪੋਨ ਕੀਤਾ ਗਿਆ ਸੀ, ਉਹ ਲਿਆ ਜਾਂਦਾ ਹੈ। ਹਾਂ ਜੀ, ਸਰਦਾਰ ਕੁਲਜੀਤ ਸਿੰਘ ਨਾਗਰਾ ਜੀ। Absent.

### ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2329

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----

## STARRED QUESTIONS AND ANSWERS

**ਮਾਨਯੋਗ ਸਪੀਕਰ:** ਹੁਣ ਰੈਗੂਲਰ ਲਿਸਟ ਟੇਕ ਅੱਪ ਕਰਦੇ ਹਾਂ। ਹਾਂ ਜੀ, ਸਰਦਾਰ ਦਰਸ਼ਨ ਸਿੰਘ ਕੋਟਫੱਤਾ ਜੀ।

### ਰੇਲਵੇ ਫਾਟਕ ਦੀ ਥਾਂ ਤੇ ਰੇਲਵੇ ਓਵਰ ਬਰਿੱਜ ਬਣਾਉਣਾ

***2455. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਠਿੰਡਾ ਦੀ ਮੰਡੀ ਗੋਨਿਆਣਾ ਤੇ ਪਿੰਡ ਨੇਹੀਆ ਵਾਲਾ ਵਿਚਕਾਰ ਪੈਂਦੇ ਰੇਲਵੇ ਫਾਟਕ ਦੀ ਥਾਂ ਤੇ ਨਵਾਂ ਰੇਲਵੇ ਓਵਰ ਬਰਿੱਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇੱਥੇ ਓਵਰ ਬਰਿੱਜ ਕਦੋਂ ਤੱਕ ਬਣਾ ਦਿੱਤਾ ਜਾਵੇਗਾ ?

ਸਰਦਾਰ ਜਨਮੇਜਾ ਸਿੰਘ ਸੇਖੋਂ : ਸ਼੍ਰੀਮਾਨ ਜੀ, ਹਾਲ ਦੀ ਘੜੀ ਜ਼ਿਲ੍ਹਾ ਬਠਿੰਡਾ ਦੀ ਮੰਡੀ ਗੋਨਿਆਣਾ ਤੇ ਪਿੰਡ ਨੇਹੀਆ ਵਾਲਾ ਵਿਚਕਾਰ ਪੈਂਦੇ ਰੇਲਵੇ ਫਾਟਕ ਦੀ ਥਾਂ ਤੇ ਨਵਾਂ ਰੇਲਵੇ ਓਵਰ ਬਰਿੱਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਸਰ, ਗੋਨਿਆਣਾ ਵੀ ਅੱਧਾ ਦੂਜੇ ਪਾਸੇ ਵੱਸਿਆ ਹੋਇਆ ਹੈ ਔਰ ਉੱਥੇ ਜਿਹੜਾ ਲੋਡਿੰਗ ਸਟੇਸ਼ਨ ਹੈ ਉੱਥੇ ਰੇਲਵੇਜ਼ ਦੀ ਸ਼ਟਰਿੰਗ ਹੁੰਦੀ ਰਹਿੰਦੀ ਹੈ ਜਿਸ ਕਰਕੇ ਉਥੇ ਐਕਸੀਡੈਂਟ ਵੀ ਹੁੰਦੇ ਰਹਿੰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੋਈ ਇਸ ਦਾ ਹੱਲ ਕਰੇਗੀ ਜਾਂ ਨਹੀਂ?

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਜਨਮੇਜਾ ਸਿੰਘ ਜੀ, ਕਿਸੇ ਤਰੀਕੇ ਨਾਲ ਇਸ ਮਸਲੇ ਦਾ ਕੋਈ ਹੱਲ ਦੱਸੋ ।

**ਮੰਤਰੀ :** ਸਪੀਕਰ ਸਾਹਿਬ, ਇਸ ਲੈਵਲ ਕਰਾਸਿੰਗ ਤੇ ਅਪ੍ਰੈਲ, 2015 ਦੇ ਟਰੈਫਿਕ ਸਰਵੇ ਅਨੁਸਾਰ 36,625 ਟੀ.ਵੀ.ਯੂ. (ਟ੍ਰੈਫਿਕ ਵਹੀਕਲ ਯੂਨਿਟ) ਹਨ। ਟੀ.ਵੀ.ਯੂ. ਇੱਕ ਲੱਖ ਤੋਂ ਘੱਟ ਹੋਣ ਕਾਰਨ ਇਹ ਆਰ.ਓ.ਬੀ. ਰੇਲਵੇ ਮੰਤਰਾਲੇ ਨਾਲ ਕਾਸਟ ਸ਼ੇਅਰਿੰਗ ਲਈ ਕੁਆਲੀਫਾਈ ਨਹੀਂ ਕਰਦਾ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇੱਕ ਇਹ ਲਿੰਕ ਰੋਡ ਹੈ ਅਤੇ ਅਜੇ ਤਾਂ ਪਲੈਨ ਰੋਡਜ਼ ਬਹੁਤ ਪਈਆਂ ਹਨ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਧੰਨਵਾਦ ਜੀ।

-----

## ਡਾਕਟਰੀ ਪਰਚੀ ਤੋਂ ਬਿਨਾਂ ਦਵਾਈਆਂ ਵੇਚਣਾ

***2334. ਸ਼੍ਰੀਮਤੀ ਕਰਨ ਕੌਰ ਬਰਾੜ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਡਾਕਟਰੀ ਪਰਚੀ ਤੋਂ ਬਿਨਾਂ ਤਜਵੀਜ਼ਤ ਦਵਾਈਆਂ ਵੇਚਣ ਲਈ ਕਿੰਨਾ ਜੁਰਮਾਨਾ ਹੈ;

(ਅ) ਸਾਲ 2015 ਵਿੱਚ ਡਾਕਟਰੀ ਪਰਚੀ ਤੋਂ ਬਿਨਾਂ ਤਜਵੀਜ਼ਤ ਦਵਾਈਆਂ ਵੇਚਣ ਲਈ ਕਿੰਨੀਆਂ ਕੈਮਿਸਟ ਦੁਕਾਨਾਂ ਨੂੰ ਜੁਰਮਾਨਾ ਲਗਾਇਆ ਗਿਆ ਹੈ?

**ਸ਼੍ਰੀ ਸੁਰਜੀਤ ਕੁਮਾਰ ਜਿਆਣੀ :** (ੳ) ਸ਼੍ਰੀਮਾਨ ਜੀ, ਇਸ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਦਵਾਈਆਂ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਡਰੱਗਜ਼ ਅਤੇ ਕਾਸਮੈਟਿਕਸ ਐਕਟ, 1940 ਦੇ ਨਿਯਮ 65 ਅਨੁਸਾਰ ਕੀਤੀ ਜਾਂਦੀ ਹੈ ਜਿਸ ਤਹਿਤ ਡਾਕਟਰੀ

ਪਰਚੀ ਤੋਂ ਬਿਨਾਂ ਸ਼ਡਿਊਲ–ਐਚ ਅਤੇ ਐਚ–1 ਦਵਾਈਆਂ ਵੇਚਣ ਦੀ ਉਲੰਘਣਾ ਕਰਨ ਵਾਲੀ ਦੁਕਾਨ ਉਤੇ ਜੁਰਮਾਨਾ ਲਗਾਉਣ ਦਾ ਕੋਈ ਉਪਬੰਧ ਨਹੀਂ ਹੈ ਪਰ ਉਕਤ ਉਲੰਘਣਾ ਕਾਰਨ ਫਰਮ ਦੇ ਲਾਇਸੰਸ ਮੁਅੱਤਲ ਕੀਤੇ ਜਾਂਦੇ ਹਨ।

(ਅ) ਇਸ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2015 ਦੌਰਾਨ ਰਾਜ ਵਿੱਚ ਡਾਕਟਰੀ ਪਰਚੀ ਤੋਂ ਬਿਨਾਂ ਸ਼ਡਿਊਲ–ਐਚ ਅਤੇ ਐਚ–1 ਦਵਾਈਆਂ ਵੇਚਣ ਦੀ ਉਲੰਘਣਾ ਕਾਰਨ ਡਰੱਗਜ਼ ਅਤੇ ਕਾਸਮੈਟਿਕਸ ਐਕਟ, 1940 ਦੇ ਨਿਯਮ 65 ਅਨੁਸਾਰ 632 ਦੁਕਾਨਾਂ ਦੇ ਲਾਇਸੰਸ ਮੁਅੱਤਲ ਕੀਤੇ ਗਏ ਸਨ।

**ਸ਼੍ਰੀਮਤੀ ਕਰਨ ਕੌਰ ਬਰਾੜ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਪੰਜਾਬ ਵਿੱਚ ਮੈਡੀਸਨ ਡਰੱਗ ਐਡਿਕਸ਼ਨ ਬਹੁਤ ਜ਼ਿਆਦਾ ਹੈ ਅਤੇ ਕੀ ਇਸ ਦੇ ਲਈ ਕੋਈ ਸਟ੍ਰਿਕਟ ਨਾਰਮਜ਼ ਨਹੀਂ ਹੋਣੇ ਚਾਹੀਦੇ? ਸਾਡੇ ਯੂਥ ਇਹ ਦਵਾਈਆਂ ਲੈ ਕੇ ਖਾਂਦੇ ਹਨ ਅਤੇ ਉਸ ਬਾਰੇ ਪੰਜਾਬ ਨੂੰ ਜ਼ਰੂਰ ਕੋਈ ਪੱਕੇ ਸਟੈਪਸ ਲੈਣੇ ਚਾਹੀਦੇ ਹਨ। ਕੀ ਮੰਤਰੀ ਜੀ ਨੇ ਇਸ ਬਾਰੇ ਵਿੱਚ ਕੁਝ ਸੋਚਿਆ ਹੈ?

**ਮਾਨਯੋਗ ਸਪੀਕਰ :** ਹਾਂ ਜੀ, ਜਿਆਨੀ ਸਾਹਿਬ, ਕੀ ਕੋਈ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਕਰ ਸਕਦੇ ਹਾਂ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਕਾਨੂੰਨ ਹੈ, ਉਸ ਅਨੁਸਾਰ ਜੇ ਕੋਈ ਕੈਮਿਸਟ ਡਾਕਟਰ ਦੀ ਪਰਚੀ ਬਿਨਾਂ ਦਵਾਈ ਦਿੰਦਾ ਹੈ ਤਾਂ ਉਸ ਦਾ ਲਾਇਸੈਂਸ ਮੁਅੱਤਲ ਕੀਤਾ ਜਾਂਦਾ ਹੈ, ਇਸ ਤੋਂ ਵੱਡੀ ਸਜ਼ਾ ਹੋਰ ਕੀ ਹੋ ਸਕਦੀ ਹੈ।

**ਸ਼੍ਰੀਮਤੀ ਕਰਨ ਕੌਰ ਬਰਾੜ:** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਸ ਦੇ ਬਜਾਏ ਜਿਹੜੇ ਲੋਕ ਬਿਨਾਂ ਪਰਚੀਆਂ ਤੋਂ ਦਵਾਈਆਂ ਖਰੀਦਦੇ ਹਨ, ਉਨ੍ਹਾਂ ਦੀ ਵੀ ਕੋਈ ਇੰਸਪੈਕਸ਼ਨ ਕਰਨੀ ਚਾਹੀਦੀ ਹੈ ਅਤੇ ਨਾਲ ਦੀ ਨਾਲ ਐਕਸ਼ਨ ਦੋਵੇਂ ਪਾਸੇ ਲੈਣੇ ਚਾਹੀਦੇ ਹਨ। ਕੀ ਮੰਤਰੀ ਜੀ ਇਸ ਬਾਰੇ ਕੁਝ ਸੋਚ ਰਹੇ ਹਨ?

**ਮਾਨਯੋਗ ਸਪੀਕਰ :** ਹਾਂ ਜੀ, ਜਿਆਨੀ ਜੀ, ਦਵਾਈ ਖਰੀਦਣ ਵਾਲੇ ਦੇ ਖਿਲਾਫ ਵੀ ਕੁਝ ਕਰ ਸਕਦੇ ਹਾਂ?

**ਮੰਤਰੀ :** ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਨੂੰਨ ਤੋਂ ਬਾਹਰ ਤਾਂ ਕੋਈ ਨਹੀਂ

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

ਜਾ ਸਕਦਾ, ਜੋ ਕਾਨੂੰਨ ਬਣਿਆ ਹੋਇਆ ਹੈ, ਉਸ ਦੇ ਆਧਾਰ ਤੇ ਹੀ ਸਾਰਿਆਂ ਨੇ ਕੰਮ ਕਰਨਾ ਹੈ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2427

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

## ਬਾਘਾ ਪੁਰਾਣਾ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਚਾਲੂ ਕਰਨਾ

***2255. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਮੋਗਾ ਦੇ ਕਸਬੇ ਬਾਘਾ ਪੁਰਾਣਾ ਵਿੱਚ ਤਿਆਰ ਹੋ ਚੁੱਕੇ ਸੀਵਰੇਜ ਟ੍ਰੀਟਮੈਂਟ ਪਲਾਂਟ ਨੂੰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ;

(ਅ) ਉਪਰੋਕਤ ਕਸਬੇ ਵਿੱਚ ਸੀਵਰੇਜ ਪਾਉਣ ਦੇ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਹ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਸਰਦਾਰ ਸੁਰਜੀਤ ਸਿੰਘ ਰੱਖੜਾ :** (ੳ) ਬਾਘਾ ਪੁਰਾਣਾ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਤਕਰੀਬਨ 95 ਪ੍ਰਤੀਸ਼ਤ ਮੁਕੰਮਲ ਹੋ ਚੁੱਕਾ ਹੈ ਪ੍ਰੰਤੂ ਸੀਵਰੇਜ ਪਾਈਪ ਲਾਈਨ ਦਾ ਕੰਮ ਮੁਕੰਮਲ ਨਾ ਹੋਣ ਕਾਰਨ ਸੀਵਰੇਜ ਟਰੀਟਮੈਂਟ ਪਲਾਂਟ ਨੂੰ ਚਾਲੂ ਨਹੀਂ ਕੀਤਾ ਜਾ ਸਕਿਆ। ਸੀਵਰੇਜ ਸਿਸਟਮ ਲਈ ਲੋੜੀਂਦੇ ਬਕਾਇਆ ਫੰਡ ਮਿਲਣ ਉਪਰੰਤ ਤਿੰਨ ਮਹੀਨਿਆਂ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਚਾਲੂ ਕਰ ਦਿੱਤਾ ਜਾਵੇਗਾ।

(ਅ) ਬਾਘਾ ਪੁਰਾਣਾ ਵਿਖੇ ਸੀਵਰੇਜ ਪਾਉਣ ਦਾ ਕੰਮ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਡਿਪਾਜ਼ਿਟ ਵਰਕ ਦੇ ਤੌਰ ਤੇ ਕਰਵਾਇਆ ਜਾ ਰਿਹਾ ਹੈ। ਇਸ ਕੰਮ ਲਈ ਲੋੜੀਂਦੇ ਫੰਡ ਗਲਾਡਾ, ਲੁਧਿਆਣਾ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਸਨ। ਫੰਡਾਂ ਦੀ ਘਾਟ ਕਾਰਨ ਇਹ ਕੰਮ ਕਾਫੀ ਸਮੇਂ ਤੋਂ ਬੰਦ ਹੈ। ਗਲਾਡਾ ਲੁਧਿਆਣਾ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਬਕਾਇਆ ਫੰਡ ਹੁਣ ਪੀ.ਆਈ.ਡੀ.ਬੀ. ਵੱਲੋਂ ਜਾਰੀ ਕੀਤੇ ਜਾਣੇ ਹਨ। ਫੰਡਜ਼ ਪ੍ਰਾਪਤ ਹੋਣ ਉਪਰੰਤ ਮਹਿਕਮੇ ਵੱਲੋਂ ਇਹ ਕੰਮ ਤਿੰਨ ਮਹੀਨਿਆਂ ਦੇ ਅੰਦਰ ਮੁਕੰਮਲ ਕਰਵਾ

ਦਿੱਤਾ ਜਾਵੇਗਾ।

**ਸਰਦਾਰ ਮਹੇਸ਼ਇੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ 2010 ਵਿਚ ਮੇਰੇ ਹਲਕੇ ਵਿਚੇ ਸੀਵਰੇਜ ਬਣਨਾ ਸ਼ੁਰੂ ਹੋਇਆ ਸੀ ਅਤੇ ਸਾਲ 2012 ਵਿਚ ਟਰੀਟਮੈਂਟ ਪਲਾਂਟ ਬਣਨਾ ਸ਼ੁਰੂ ਹੋਇਆ ਸੀ। ਇਹ ਮੇਰੀ ਕੰਸਟੀਚਿਊਐਂਸੀ ਹੋਣ ਕਰਕੇ ਮੈਨੂੰ ਪਤਾ ਹੈ ਕਿਉਂਜੋ ਉਥੇ ਮੈਂ ਰੋਜ਼ ਜਾਂਦਾ ਹਾਂ ਤੇ ਸਤੰਬਰ, 2015 ਤੋਂ ਸਾਡਾ ਟਰੀਟਮੈਂਟ ਪਲਾਂਟ 101% ਮੁਕੰਮਲ ਹੈ। ਸਾਨੂੰ ਇਕ ਸਰਕਾਰੀ ਚਿੱਠੀ ਆਈ ਜਿਹੜੀ ਪਾਲਿਸੀ ਬਾਰੇ ਹੈ, ਇਹ ਸਤੰਬਰ-2013 ਵਿਚ ਆਈ ਸੀ ਕਿ ਇਸ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਚਲਾਉਣਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਂਦਾ ਹਾਂ ਕਿ ਮਾਜਰਾ ਇਹ ਹੈ ਕਿ ਉਹ ਕਹਿੰਦੇ ਹਨ ਇਸ ਨੂੰ ਸਾਡੀ ਕਮੇਟੀ (ਨਗਰ ਪੰਚਾਇਤ) ਚਲਾਵੇ। ਸਾਡੀ ਨਗਰ ਪੰਚਾਇਤ ਕੋਲ ਇਸ ਨੂੰ ਚਲਾਉਣ ਵਾਸਤੇ ਕੋਈ ਵੀ ਅਮਲਾ ਨਹੀਂ, ਮੁਲਾਜ਼ਮ ਨਹੀਂ ਹਨ ਜੋ ਇਸ ਟਰੀਟਮੈਂਟ ਪਲਾਂਟ ਨੂੰ ਚਲਾ ਸਕਣ। ਚਲਾਉਣਾ ਇਨ੍ਹਾਂ ਨੇ ਹੈ। ਹੁਣ ਉਹ ਆਪਣੀਆਂ ਗਲਤੀਆਂ ਕਾਰਨ ਜਾਂ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ ਬਹਾਨੇ ਲਗਾਉਂਦੇ ਹਨ ਤੇ ਇਹ ਨਹੀਂ ਚੱਲਿਆ। ਮੈਂ ਬਤੌਰ ਉਥੋਂ ਦਾ ਲੈਜਿਸਲੇਚਰ ਹੋਣ ਕਰਕੇ ਬੜੇ ਦਾਅਵੇ ਨਾਲ ਅਤੇ ਬੜੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਇਹ ਟਰੀਟਮੈਂਟ ਪਲਾਂਟ 101% ਮੁਕੰਮਲ ਹੈ। 90% ਸਾਡਾ ਸੀਵਰੇਜ ਪੈ ਚੁੱਕਾ ਹੈ। ਸਿਰਫ ਮੋਗਾ ਰੋਡ ਹੀ ਬਕਾਇਆ ਰਹਿੰਦੀ ਹੈ। ਲੋਕਾਂ ਨੇ ਕੁਨੈਕਸ਼ਨ ਜੋੜ ਲਏ ਹਨ। ਉਥੇ ਬਦਬੂ ਮਾਰਦੀ ਹੈ। ਇਸ ਲਈ ਉਨ੍ਹਾਂ ਨੂੰ ਸਖਤ ਹਦਾਇਤ ਕਰੋ ਕਿ ਉਹ ਇਸ ਨੂੰ ਸਵੇਰੇ ਜਾ ਕੇ ਚਲਾਇਆ ਕਰਨ, ਕਿਸੇ ਵੀ ਪਾਈਪ ਲਾਈਨ ਦੀ ਕੋਈ ਵੀ ਪ੍ਰਾਬਲਮ ਨਹੀਂ ਹੈ। ਇਸ ਦਾ ਮੰਤਰੀ ਜੀ ਜਵਾਬ ਦੇਣ।

**ਮਾਨਯੋਗ ਸਪੀਕਰ :** ਰੱਖੜਾ ਜੀ, ਇਹ ਮੈਂ ਵੀ ਨੋਟ ਕੀਤਾ ਹੈ ਕਿ ਕਈ ਥਾਵਾਂ ਉਤੇ ਦੋ ਮਹਿਕਮੇ ਆਪਸ ਵਿਚ ਹੀ ਟਕਰਾਈ ਜਾਂਦੇ ਹਨ। ਸਾਡੇ ਦੋਰਾਹੇ ਵਿਚ ਵੀ ਅਜਿਹੀ ਹੀ ਪ੍ਰਾਬਲਮ ਹੈ। ਲੋਕਲ ਬਾਡੀਜ਼ ਮਹਿਕਮੇ ਵਾਲੇ ਕਹਿੰਦੇ ਹਨ ਕਿ ਅਸੀਂ ਨਹੀਂ ਚਲਾਉਣਾ ਅਤੇ ਪਿੰਡ ਵਾਲੇ ਇਹ ਕਹਿੰਦੇ ਹਨ ਕਿ ਲੋਕਲ ਬਾਡੀਜ਼ ਵਿਭਾਗ ਵਾਲਿਆਂ ਨੇ ਚਲਾਉਣਾ ਹੈ। ਕਈ ਜਗ੍ਹਾ ਤੇ ਇਹੋ ਜਿਹੀ ਪ੍ਰਾਬਲਮ ਹੈ। ਇਸ ਨੂੰ ਹੱਲ ਕਰੋ।

**ਮੰਤਰੀ :** ਸਪੀਕਰ ਸਾਹਿਬ, ਸਾਰਾ ਕੰਮ ਅਸੀਂ ਕਰਨਾ ਹੈ। 11 ਕਰੋੜ 21 ਲੱਖ ਰੁਪਿਆ ਬਕਾਇਆ ਰਹਿੰਦਾ ਹੈ। ਮੇਰੀ ਡਿਪਟੀ ਕਮਿਸ਼ਨਰ ਨਾਲ ਵੀ ਗੱਲ ਹੋਈ ਹੈ ਅਤੇ ਸੀ.ਐਮ. ਸਾਹਿਬ ਨਾਲ ਵੀ ਗੱਲ ਹੋਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਤੁਹਾਨੂੰ ਫੰਡ ਛੇਤੀ ਹੀ ਦੇ ਦਿਆਂਗੇ...

**ਮਾਨਯੋਗ ਸਪੀਕਰ :** ਮਸਲਾ ਤਾਂ ਇਹ ਹੈ ਕਿ ਦੋ ਮਹਿਕਮਿਆਂ ਦੀ ਆਪਸ ਵਿਚ ਲੜਾਈ ਹੈ।

**ਮੰਤਰੀ :** ਸਪੀਕਰ ਸਾਹਿਬ, ਸਾਡੇ ਮਹਿਕਮੇ ਨੇ ਹੀ ਸਾਰਾ ਕੰਮ ਕੰਪਲੀਟ ਕਰਨਾ ਹੈ। ਇਹ ਸਾਡੀ ਡਿਊਟੀ ਹੈ ਅਤੇ ਅਸੀਂ ਸਾਰਾ ਕੰਮ ਕੰਪਲੀਟ ਕਰਕੇ ਦੇਣਾ ਹੈ। ਮੈਨੂੰ ਉਮੀਦ ਹੈ ਕਿ ਇਹ ਫੰਡ ਹਫਤੇ-ਦਸ ਦਿਨ ਵਿਚ ਮਿਲ ਜਾਣਗੇ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2376**

**ਮਾਨਯੋਗ ਸਪੀਕਰ :** ਸੰਸਦੀ ਮਾਮਲੇ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਜੀ ਹਾਜ਼ਰ ਨਹੀਂ ਹਨ। This Question is postponed for tomorrow.

----

## ਫਸਲੀ ਵਿਭਿੰਨਤਾ ਸਬੰਧੀ

***2335 . ਸ੍ਰੀਮਤੀ ਕਰਨ ਕੌਰ ਬਰਾੜ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਸੇਮ ਵਾਲੇ ਇਲਾਕਿਆਂ ਵਿੱਚ ਫ਼ਸਲੀ ਵਿਭਿੰਨਤਾ ਸਬੰਧੀ ਸਰਕਾਰ ਵਲੋਂ ਕੀ ਕਦਮ ਚੁੱਕੇ ਗਏ ਹਨ?

**ਸਰਦਾਰ ਤੋਤਾ ਸਿੰਘ :** ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲੱਗ ਵਿੱਚ ਦਿੱਤੀ ਗਈ ਹੈ ਜੀ:-

### ਅਨੁਲੱਗ

ਸੇਮ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਝੋਨੇ ਤੋਂ ਬਿਨਾਂ ਹੋਰ ਫਸਲਾਂ ਦੀ ਸਫਲ ਕਾਸ਼ਤ ਦੀਆਂ ਸੰਭਾਵਨਾਵਾਂ ਸੀਮਤ ਹਨ। ਇਸ ਲਈ ਵਣ-ਖੇਤੀ ਨੂੰ ਉਤਸ਼ਾਹਿਤ ਕਰਨ ਲਈ ਉਪਰਾਲੇ ਕੀਤੇ ਗਏ ਹਨ ਅਤੇ ਜ਼ਮੀਨ ਦੀ ਹਾਲਤ ਨੂੰ

** For Starred Question No. 2376 and reply thereto, please see debates dated 16.3.2016

ਸੁਧਾਰਨ ਲਈ ਕਦਮ ਚੁੱਕੇ ਗਏ ਹਨ। ਇਸ ਦੇ ਨਾਲ-ਨਾਲ ਕਿਸਾਨਾਂ ਨੂੰ ਮੱਛੀ ਪਾਲਣ ਦੇ ਕਿੱਤੇ ਨੂੰ ਅਪਨਾਉਣ ਲਈ ਵੀ ਉਤਸ਼ਾਹਿਤ ਕੀਤਾ ਗਿਆ ਹੈ।

ਸੇਮ ਪ੍ਰਭਾਵਿਤ ਇਲਾਕਿਆਂ ਵਿੱਚ ਕਿਸਾਨਾਂ ਨੂੰ ਵਣ-ਖੇਤੀ (ਐਗਰੋ-ਫੋਰੈਸਟਰੀ) ਅਪਨਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਕਿਉਂਕਿ ਸਫੈਦੇ ਦੇ ਦਰੱਖਤ ਸੇਮ ਪ੍ਰਭਾਵਿਤ ਇਲਾਕਿਆਂ ਵਿੱਚ ਉਗਾਏ ਜਾ ਸਕਦੇ ਹਨ, ਇਸ ਲਈ ਪਿਛਲੇ ਦੋ ਸਾਲਾਂ ਦੌਰਾਨ 27 ਲੱਖ ਕਲੋਨਲ ਸਫੈਦੇ ਦੇ ਬੂਟੇ ਕਿਸਾਨਾਂ ਨੂੰ ਖੇਤਾਂ ਵਿੱਚ ਲਾਉਣ ਲਈ ਮੁਫਤ ਸਪਲਾਈ ਕੀਤੇ ਗਏ।

ਰਾਜ ਸਰਕਾਰ ਵੱਲੋਂ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਕਿਸਾਨਾਂ ਨੂੰ ਹਰੀ ਖਾਦ ਬੀਜਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੰਤਵ ਲਈ ਸਾਲ 2014-15 ਅਤੇ 2015-16 ਦੌਰਾਨ ਕ੍ਰਮਵਾਰ 3564 ਕੁਇੰਟਲ ਅਤੇ 7340 ਕੁਇੰਟਲ ਢੈਂਚਾ ਬੀਜ 50 ਪ੍ਰਤੀਸ਼ਤ ਉਪਦਾਨ ਤੇ ਮੁਹੱਈਆ ਕਰਵਾਇਆ ਗਿਆ।

ਸੇਮ ਦੇ ਪਾਣੀ ਨੂੰ ਜ਼ਮੀਨ ਵਿੱਚ ਜ਼ੀਰਣ ਦੀ ਸਮਰੱਥਾ ਵਧਾਉਣ ਵਾਸਤੇ ਲਗਾਤਾਰ ਝੋਨੇ ਦੀ ਬਿਜਾਈ ਕਾਰਨ ਬਣੀ ਜ਼ਮੀਨਦੋਜ਼ ਤਹਿ ਨੂੰ ਤੋੜਨ ਦਾ ਪ੍ਰੋਗਰਾਮ ਉਲੀਕਿਆ ਗਿਆ। ਸਬ-ਸੋਆਇਲਰ ਰਾਹੀਂ ਡੂੰਘੀ ਵਹਾਈ ਕਰਕੇ ਤਕਰੀਬਨ 1700 ਏਕੜ ਵਿੱਚ ਸਖਤ ਜ਼ਮੀਨਦੋਜ਼ ਤਹਿ ਨੂੰ ਤੋੜ ਕੇ ਵੇਸਟ ਲੈਂਡ ਦਾ ਸੁਧਾਰ ਕੀਤਾ ਗਿਆ ਅਤੇ ਇਸ ਨੂੰ ਵਾਹੀਯੋਗ ਬਣਾ ਕੇ ਫਸਲਾਂ ਦੀ ਬਿਜਾਈ ਕਰਵਾਈ ਗਈ।

ਕਿਸਾਨਾਂ ਨੂੰ ਵਧੀਆ ਕੁਆਲਿਟੀ ਦਾ ਸਿੰਚਾਈ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਜ਼ਮੀਨਦੋਜ਼ ਪਾਈਪਾਂ ਵਿਛਾਉਣ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਅਤੇ ਹੁਣ ਤਕ ਸਰਹੰਦ ਫੀਡਰ ਅਤੇ ਅਬੋਹਰ ਬਰਾਂਚ ਤੋਂ ਤਕਰੀਬਨ 25000 ਫੁੱਟ ਜ਼ਮੀਨ ਦੋਜ਼ ਪਾਈਪ ਵਿਛਾਈ ਜਾ ਚੁੱਕੀ ਹੈ।

ਪਿਛਲੇ ਦੋ ਸਾਲਾਂ ਦੌਰਾਨ ਫਸਲੀ ਵਿਭਿੰਨਤਾ ਸਕੀਮ ਅਧੀਨ ਕਿਸਾਨਾਂ ਦੇ ਨਿੱਜੀ ਟਿਊਬਵੈਲਾਂ ਤੇ ਨਿਪੁੰਨ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ 50 ਫੀਸਦੀ ਉਪਦਾਨ ਤੇ 5410 ਏਕੜ ਰਕਬੇ ਵਿੱਚ ਜਮੀਨਦੋਜ ਨਾਲੀਆਂ ਵਿਛਾਉਣ ਲਈ 288.64 ਲੱਖ ਰੁਪਏ ਖਰਚ ਕੀਤੇ ਗਏ।

ਬਾਗਬਾਨੀ ਫਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ 16810 ਏਕੜ ਰਕਬੇ ਵਿੱਚ ਮਾਈਕਰੋ ਇਰੀਗੇਸ਼ਨ (ਡਰਿਪ/ਸਪਰਿੰਕਲਰ) ਲਈ ਕਿਸਾਨਾਂ

[ ਖੇਤੀ ਬਾੜੀ ਮੰਤਰੀ ]

ਨੂੰ 2528.11 ਲੱਖ ਰੁਪਏ ਉਪਦਾਨ ਵੱਜੋਂ ਦਿੱਤੇ ਗਏ ਹਨ।

ਪਿਛਲੇ ਤਿੰਨ ਸਾਲਾਂ ਦੌਰਾਨ ਸੇਮ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਫਰੀਦਕੋਟ ਜ਼ਿਲ੍ਹਿਆਂ ਦੇ ਕਿਸਾਨਾਂ ਨੂੰ ਵੱਖ-ਵੱਖ ਕਿਸਮ ਦੇ 8353 ਖੇਤੀ ਸੰਦ 40-50 ਫੀਸਦੀ ਉਪਦਾਨ ਤੇ ਦੇਣ ਲਈ ਕੁੱਲ 13.64 ਕਰੋੜ ਰੁਪਏ ਉਪਦਾਨ ਵਜੋਂ ਦਿਤੇ ਗਏ।

ਸੇਮ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਮੱਛੀ ਪਾਲਣ ਦਾ ਕੰਮ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਕਾਫ਼ੀ ਯੋਗਦਾਨ ਪਾ ਸਕਦਾ ਹੈ। ਇਸ ਲਈ ਇਨ੍ਹਾਂ ਇਲਾਕਿਆਂ ਵਿੱਚ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨ ਲਈ 294 ਕਿਸਾਨਾਂ ਨੂੰ 1336 ਏਕੜ ਵਿੱਚ ਮੱਛੀ ਪਾਲਣ ਲਈ ਤਲਾਬ ਪੁੱਟਣ ਅਤੇ ਪੂੰਗ ਸਪਲਾਈ ਕਰਨ ਤੇ 5.35 ਕਰੋੜ ਰੁਪਏ ਉਪਦਾਨ ਵਜੋਂ ਦਿੱਤੇ ਗਏ।

ਕਿਸਾਨਾਂ ਨੂੰ ਖੇਤੀਬਾੜੀ ਅਤੇ ਇਸ ਨਾਲ ਸਬੰਧਿਤ ਵੱਖ-ਵੱਖ ਕਿੱਤਿਆਂ ਬਾਰੇ ਟਰੇਨਿੰਗ ਦੇਣ ਲਈ ਅਬੁਲਖੁਰਾਣਾ ਵਿਖੇ 10 ਕਰੋੜ ਰੁਪਏ ਦੀ ਲਾਗਤ ਨਾਲ ਇਕ ਸਰਬਪੱਖੀ ਕਿਸਾਨ ਸਿਖਲਾਈ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਥੇ ਫਸਲ ਪਾਲਣ ਦੇ ਨਾਲ-ਨਾਲ ਕਿਸਾਨਾਂ ਨੂੰ ਡੇਅਰੀ ਅਤੇ ਮੱਛੀ ਪਾਲਣ ਬਾਰੇ ਸਿਖਲਾਈ ਕੋਰਸ ਚਲਾਏ ਜਾ ਰਹੇ ਹਨ। ਇਸ ਦੇ ਨਾਲ-ਨਾਲ ਇਸ ਕੇਂਦਰ ਤੇ ਖੇਤੀਬਾੜੀ ਮਸ਼ੀਨਰੀ ਦੀ ਸਾਂਭ-ਸੰਭਾਲ ਬਾਰੇ ਟਰੇਨਿੰਗ ਦੇਣ ਅਤੇ ਭੋਂ ਅਤੇ ਪੱਤਾ ਪਰਖ ਦੀਆਂ ਆਧੁਨਿਕ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

**ਸ਼੍ਰੀਮਤੀ ਕਰਨ ਕੌਰ ਬਰਾੜ:** ਸਪੀਕਰ ਸਾਹਿਬ, ਮੰਤਰੀ ਜੀ ਨੇ ਇਸ ਦੇ ਜਵਾਬ ਵਿਚ ਕਾਫੀ ਕੁਝ ਲਿਖਿਆ ਹੈ ਪ੍ਰੰਤੂ ਗਰਾਉਂਡ ਲੈਵਲ ਤੇ ਕੰਮ ਬਹੁਤ ਘੱਟ ਹੋਇਆ ਹੈ। ਜਿਥੇ ਸੇਮ ਦੇ ਨਾਲ ਖੇਤ ਪਾਣੀ ਵਿਚ ਡੁੱਬਿਆ ਹੋਇਆ ਹੋਵੇ, ਉਥੇ ਨਾ ਤਾਂ ਕਚਫ਼;ਖਬਵਚਤ (ਸਫੈਦਾ) ਲਗ ਸਕਦਾ ਹੈ ਅਤੇ ਨਾ ਟਾਂਚਾਂ ਲਗ ਸਕਦਾ ਹੈ ਉਥੇ ਕੇਵਲ ਪਾਸੀਬਿਲਟੀ ਪੈਡੀ ਦੀ ਹੈ। ਸਾਡਾ ਇਲਾਕਾ ਸੇਮ ਨਾਲ ਪਹਿਲਾਂ ਹੀ ਪ੍ਰਭਾਵਿਤ ਹੈ ਅਤੇ ਉਥੇ ਗਰਾਉਂਡ ਵਾਟਰ ਤਿੰਨ ਫੁੱਟ ਤੇ ਆ ਗਿਆ ਹੈ। ਜੇ ਇਨ੍ਹਾਂ ਨੇ ਕੁਝ ਕਰਨਾ ਹੁੰਦਾ, ਇਨ੍ਹਾਂ ਨੇ ਲਿਖਿਆ ਹੈ ਕਿ ਸਪਰਿੰਕਲ ਇਰੀਗੇਸ਼ਨ ਅਤੇ ਡਰਿਪ ਇਰੀਗੇਸ਼ਨ ਦੀ ਇਹ ਸਹੂਲਤ ਦੇ ਰਹੇ ਹਨ ਇਸ ਨਾਲ ਤਾਂ ਕੋਈ ਹੱਲ ਨਹੀਂ ਹੈ।। ਇਸ ਬਾਰੇ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੀ

ਸਹੂਲਤ ਮਿਲ ਰਹੀ ਹੈ ਅਤੇ ਕਿੰਨੇ ਲੋਕਾਂ ਨੂੰ ਇਹ ਸਹੂਲਤ ਮਿਲੀ ਹੈ? ਇਨ੍ਹਾਂ ਨੇ ਲਿਖਿਆ ਤਾਂ ਬੜਾ ਵੱਡਾ ਹੋਇਆ ਹੈ ਪ੍ਰੰਤੂ ਮੈਂ ਆਪਣੇ ਇਲਾਕੇ ਵਿਚ ਗਰਾਉਂਡ ਰਿਐਲਿਟੀ ਤੇ ਇਹ ਬਹੁਤ ਹੀ ਘੱਟ ਵੇਖਿਆ ਹੈ। ਕੀ ਇਸ ਉਤੇ ਇਹ ਸੀਰੀਅਸ ਹਨ?

**ਮਾਨਯੋਗ ਸਪੀਕਰ :** ਸੀਰੀਅਸ ਨੂੰ ਤਾਂ ਮਨਿਸਟਰ ਸੀਰੀਅਸ ਹੀ ਹੁੰਦੇ ਹਨ (ਹਾਸਾ) ਪ੍ਰੰਤੂ ਤੁਸੀਂ ਸਪਲੀਮੈਂਟਰੀ ਪੁੱਛੋ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਬੀਬੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਬੜਾ ਦੁੱਖ ਹੈ ਕਿ ਇਸ ਏਰੀਏ ਵਿਚ ਸੇਮ ਹੈ। ਪਹਿਲਾਂ ਸਾਲ 1955 ਵਿਚ ਇਹ ਸਾਡੇ ਇਲਾਕੇ ਵਿਚ ਹੁੰਦੀ ਸੀ। ਪਾਣੀ ਹੌਲੀ ਹੌਲੀ ਡਰੇਨਾਂ ਕਰਕੇ ਸ਼ਿਫਟ ਹੋ ਗਿਆ ਹੈ। ਰਾਜਸਥਾਨ ਕੈਨਾਲ ਵੀ ਜਾਂਦੀ ਹੈ ਜਿਸ ਕਾਰਨ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਨੂੰ ਸਜ਼ਾ ਮਿਲ ਰਹੀ ਹੈ। ਇਸ ਵਾਸਤੇ ਅਸੀਂ 3-4 ਸਟੈਪ ਚੁੱਕੇ ਹਨ।ਜੇਕਰ ਇਹ ਕੋਈ ਹੋਰ ਰਾਏ ਦੇਣਗੇ ਤਾਂ ਅਸੀਂ ਉਹ ਵੀ ਮੰਨਾਂਗੇ। ਮੁੱਖ ਮੰਤਰੀ ਸਾਹਿਬ, ਜ਼ਾਤੀ ਤੌਰ ਤੇ ਵੀ ਦਿਲਚਸਪੀ ਲੈ ਰਹੇ ਹਨ, ਉਨ੍ਹਾਂ ਦਾ ਇਹ ਜ਼ਿਲ੍ਹਾ ਵੀ ਹੈ। ਅਸੀਂ ਉਥੇ ਮੱਛੀ ਪਾਲਣ ਨੂੰ ਉਤਸ਼ਾਹਤ ਕਰ ਰਹੇ ਹਾਂ ਜਿਥੇ 2-2 ਫੁੱਟ ਤੇ ਪਾਣੀ ਹੈ। ਉਸ ਵਾਸਤੇ ਟ੍ਰੇਨਿੰਗ ਸੈਂਟਰ ਵੀ ਅਬੁਲ ਖੁਰਾਣਾ ਵਿਖੇ ਖੋਲ੍ਹਿਆ ਗਿਆ ਹੈ, ਕਿਸਾਨਾਂ ਵਾਸਤੇ ਇਹ ਸੈਂਟਰ ਬਣਾਇਆ ਗਿਆ ਹੈ । ਇਸ ਤੋਂ ਇਲਾਵਾ ਅਸੀਂ 27 ਲੱਖ ਚਿੱਟਾ ਸਫੈਦਾ ਜਿਸ ਦੀ ਕੀਮਤ ਬਹੁਤ ਜ਼ਿਆਦਾ ਹੈ, ਇਸ ਏਰੀਏ ਨੂੰ ਉਹ ਮੁਫਤ ਸਪਲਾਈ ਕੀਤਾ ਹੈ । ਸਫੈਦਾ ਸੇਮ ਵਾਲੀ ਥਾਂ ਤੇ ਹੋ ਜਾਂਦਾ ਹੈ । ਬਾਕੀ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿੱਥੇ ਸੇਮ ਹੁੰਦੀ ਹੈ, ਜਿੱਥੇ ਪਾਣੀ ਵਿਚੋਂ ਸ਼ੋਰਾ ਨਿਕਲ ਕੇ ਉੱਤੇ ਆ ਜਾਂਦਾ ਹੈ ਤੇ ਉਤਾਂਹ ਵਾਲੇ ਸ਼ੋਰੇ ਤੇ ਫਸਲ ਵੀ ਕੋਈ ਪੈਦਾ ਨਹੀਂ ਹੁੰਦੀ । ਸ਼ੋਰੇ ਨੂੰ ਦਬਾਉਣ ਲਈ ਇਰੀਗੇਸ਼ਨ ਦਾ ਪਾਣੀ ਲਾਭਦਾਇਕ ਹੈ । ਇਰੀਗੇਸ਼ਨ ਦੇ ਪਾਣੀ ਲਈ ਬਹੁਤ ਸਾਰੇ ਪਿੰਡਾਂ ਨੂੰ ਪਾਈਪਾਂ ਵੀ ਦਿੱਤੀਆਂ ਹਨ, ਦੋ-ਦੋ, ਤਿੰਨ-ਤਿੰਨ ਟਿਊਬਵੈਲਾਂ ਦਾ ਪਾਣੀ ਇਕੱਠਾ ਕਰਕੇ ਇੱਕ ਪਾਈਪ ਰਾਹੀਂ ਤਿੰਨ-ਚਾਰ ਕਿਲੋਮੀਟਰ ਤੱਕ ਲੈ ਕੇ ਗਏ ਹਾਂ । ਇਸ ਵਾਸਤੇ ਅਸੀਂ 25000 ਕਿਲੋਮੀਟਰ ਪਾਈਪਾਂ ਵੀ ਪਾਈਆਂ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਜਿਹੜੀ ਕੋਈ ਹੋਰ ਵੀ ਰਾਏ ਦੇਣਗੇ, ਅਸੀਂ ਉਸ ਦਾ ਪੂਰਾ ਸਤਿਕਾਰ ਕਰਾਂਗੇ ।

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਰਾਏ ਮੰਗੀ ਹੈ । ਮੈਂ ਦਰਖਾਸਤ ਕਰਾਂਗੀ ਕਿ ਇਹ ਡੇਅਰੀ ਫਾਰਮਿੰਗ ਉਤੇ ਜ਼ਿਆਦਾ ਜ਼ੋਰ ਦੇਣ ਕਿਉਂਕਿ ਇਸ ਲਈ ਮੱਕੀ ਵਾਸਤੇ ਘੱਟ ਪਾਣੀ ਵਰਤਿਆ ਜਾਂਦਾ ਹੈ ਤੇ ਨਾਲ ਦੀ ਨਾਲ ਕੁਝ ਸਹੂਲਤ ਮਿਲ ਸਕਦੀ ਹੈ । ਸਾਡੇ ਜਗ੍ਹਾ ਜਗ੍ਹਾ ਤੇ ਡੇਅਰੀ ਫਾਰਮ ਬੰਦ ਹੋਈ ਜਾ ਰਹੇ ਹਨ । ਕੀ ਇਸ ਬਾਰੇ ਉਨ੍ਹਾਂ ਨੇ ਕੋਈ ਵਿਚਾਰ ਕੀਤਾ ਹੈ ?

**ਮਾਨਯੋਗ ਸਪੀਕਰ :** ਇਹ ਸੈਪਰੇਟ ਕੁਐਸਚਨ ਹੈ ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੇਰਾ ਸਵਾਲ ਵੀ ਫਸਲਾਂ ਦੀ ਮਾਰ ਨਾਲ ਸੰਬੰਧਿਤ ਹੈ, ਸੇਮ ਦੀ ਮਾਰ ਹੋਵੇ ਤੇ ਚਾਹੇ ਕੁਦਰਤੀ ਮਾਰ ਹੋਵੇ । ਕੱਲ੍ਹ ਮੈਂ ਆਪਣੇ ਹਲਕੇ ਵਿੱਚ ਗਈ ਸੀ । ਸਾਰਾ ਪੰਜਾਬ ਜਾਣਦਾ ਹੈ ਕਿ ਗੜ੍ਹਿਆਂ ਤੇ ਬਾਰਸ਼ ਨੇ ਸਾਡੇ ਕਿਸਾਨ ਦਾ ਬੇਹੱਦ ਨੁਕਸਾਨ ਕੀਤਾ ਹੈ । ਇਹ ਆਪਾਂ ਸਾਰੇ ਸਮਝਦੇ ਹਾਂ । ਮੈਂ ਇਸ ਕਰਕੇ ਜ਼ਰੂਰੀ ਗੱਲ ਕਰਨੀ ਚਾਹੀ, ਸਾਡਾ ਬਜਟ ਵੀ ਪੇਸ਼ ਹੋਣ ਵਾਲਾ ਹੈ ਤੇ ਮੈਂ ਚਾਹੁੰਦੀ ਹਾਂ ਕਿ ਇਸ ਚੀਜ਼ ਦਾ ਧਿਆਨ ਰੱਖਿਆ ਜਾਵੇ ਕਿਉਂਕਿ ਮੇਰੇ ਹਲਕੇ ਵਿੱਚ ਚਾਰੇ ਹੀ ਫਸਲਾਂ ਬਰਬਾਦ ਹੋ ਗਈਆਂ ਹਨ। ਜੇ ਕਿਸਾਨ ਦੀ ਇੱਕ ਫਸਲ ਬਰਬਾਦ ਹੋ ਜਾਵੇ ਤਾਂ ਉਹ ਦੂਜੀ ਫਸਲ ਤੇ ਆਸ ਰੱਖ ਲੈਂਦਾ ਹੈ ਲੇਕਿਨ ਜਿਸ ਦੀਆਂ ਚਾਰੇ ਫਸਲਾਂ ਖਰਾਬ ਹੋ ਜਾਣ, ਉਹ ਕੀ ਕਰੇ ? ਪਿਛਲੀ ਵਾਰ ਸਾਡੀ ਪੈਡੀ ਵੀ ਗਈ, ਕਣਕ ਵੀ ਗਈ, ਨਰਮਾ ਵੀ ਗਿਆ । ਇਹ ਫਸਲਾਂ ਬਰਬਾਦ ਹੋ ਗਈਆਂ । ਕੱਲ੍ਹ ਅਸੀਂ ਫੜ ਫੜ ਲੋਕਾਂ ਨੂੰ ਬਚਾਇਆ ਕਿਉਂਕਿ ਉਹ ਖੁਦਕੁਸ਼ੀਆਂ ਕਰਨਾ ਚਾਹੁੰਦੇ ਸਨ । ਮੇਰੀ ਇਹ ਬੇਨਤੀ ਹੈ ਜਿਹੜਾ ਰੋਂਦਾ ਪੰਜਾਬ ਹੈ, ਦੁਖੀ ਤੇ ਤੜਫਦਾ ਪੰਜਾਬ ਹੈ, ਉਸ ਤੇ ਐਸ਼ਿਓਰੈਂਸ ਭਾਵੇਂ ਸੀ. ਐਮ. ਸਾਹਿਬ ਨੇ ਦੇਣੀ ਸੀ ਪਰ ਉਹ ਅੱਜ ਬੈਠੇ ਨਹੀਂ ਹਨ ।ਇਸ ਲਈ ਮੇਰੀ ਐਗਰੀਕਲਚਰ ਮਨਿਸਟਰ ਜੀ ਨੂੰ ਰਿਕੁਐਸਟ ਹੈ ਕਿ ਇਹ ਸੀ. ਐਮ. ਸਾਹਿਬ ਨਾਲ ਗੱਲ ਕਰਕੇ ਉਨ੍ਹਾਂ ਨੂੰ ਘੱਟੋ ਘੱਟ 50,000 ਪਰ ਏਕੜ ਜਿਹੜਾ ਉਨ੍ਹਾਂ ਨੇ ਠੇਕਾ ਤੇ ਲਿਆ ਹੈ, ਉਸ ਦਾ 50,000 ਪਰ ਏਕੜ ਮੁਆਵਜ਼ਾ ਦਿੱਤਾ ਜਾਵੇ ਅਤੇ ਪਰਾਪਰ ਤਰੀਕੇ ਨਾਲ ਸਾਰਾ ਕੁਝ ਦਿੱਤਾ ਜਾਵੇ ਤਾਂ ਹੀ ਇਹ ਜ਼ਿੰਦਗੀਆਂ ਬਚਣਗੀਆਂ । ਉਨ੍ਹਾਂ ਕੋਲ ਨਾ ਚਾਰਾ ਹੈ, ਨਾ ਸਬਜ਼ੀਆਂ ਹਨ, ਨਾ ਕਣਕ ਹੈ, ਨਾ ਖਰੀਦਣ ਜੋਗੇ ਪੈਸੇ ਹਨ, ਉਨ੍ਹਾਂ ਦਾ ਬਹੁਤ ਮਾੜਾ ਹਾਲ ਹੈ । ਮੇਰੀ ਬੇਨਤੀ ਹੈ ਕਿ ਸੀ. ਐਮ. ਸਾਹਿਬ ਨਾਲ ਖੇਤੀਬਾੜੀ ਮੰਤਰੀ ਜੀ ਗੱਲ

ਕਰਕੇ ਇਸ ਬਾਰੇ ਜ਼ਰੂਰ ਕੁਝ ਨਾ ਕੁਝ ਕਰਨ । ਮੰਤਰੀ ਜੀ ਜਵਾਬ ਦੇਣ ਲੱਗੇ ਹਨ । ਦੇ ਲੈਣ ਦਿਓ ।

**ਮਾਨਯੋਗ ਸਪੀਕਰ :** ਬੀਬੀ ਜੀ ਨਹੀਂ ।

(ਇਸ ਸਮੇਂ ਸੰਸਦੀ ਮਾਮਲੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਸਦਨ ਵਿੱਚ ਹਾਜ਼ਰ ਹੋਏ ।)

(**ਕੁਝ ਅਵਾਜ਼ਾਂ :** ਮਿੱਤਲ ਜੀ ਆ ਗਏ ਹਨ । )

**ਮਾਨਯੋਗ ਸਪੀਕਰ :** ਜੇ ਮਨਿਸਟਰ ਸਾਹਿਬ ਹੀ ਲੇਟ ਹੋ ਗਏ ਤੇ ਫਿਰ ਤਾਂ ਆਪਣਾ ਕੰਮ ਸਰ ਗਿਆ ।

**ਸੰਸਦੀ ਮਾਮਲੇ ਮੰਤਰੀ :** ਕਈ ਵਾਰੀ ਹੋ ਜਾਂਦਾ ਹੈ ਜੀ । (ਵਿਘਨ)

-----

## ਠੇਕੇ/ਆਊਟ-ਸੋਰਸਿੰਗ ਤੇ ਕੰਮ ਕਰ ਰਹੇ ਸਫਾਈ ਸੇਵਕਾਂ ਨੂੰ ਰੈਗੂਲਰ ਕਰਨਾ

*2371. **ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਮਿਊਂਸਿਪਲ ਕਾਰਪੋਰੇਸ਼ਨਾਂ ਅਤੇ ਨਗਰ ਕੌਂਸਲਾਂ ਵਿੱਚ ਠੇਕੇ/ ਆਊਟ-ਸੋਰਸਿੰਗ ਤੇ ਕੰਮ ਕਰ ਰਹੇ ਸਫਾਈ ਸੇਵਕਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਠੇਕੇ ਤੇ ਆਊਟ-ਸੋਰਸਿੰਗ ਵਰਕਰਾਂ/ ਸਫਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਰੈਗਲੂਰ ਕਰਨ ਲਈ ਸਰਕਾਰ ਦੀ ਕੀ ਪਾਲਿਸੀ ਹੈ?

**ਸ਼੍ਰੀ ਅਨਿਲ ਜੋਸ਼ੀ:** (ੳ) ਰਾਜ ਵਿੱਚ ਮਿਊਂਸਿਪਲ ਕਾਰਪੋਰੇਸ਼ਨਾਂ ਅਤੇ ਨਗਰ ਕੌਂਸਲਾਂ ਵਿੱਚ ਠੇਕੇ/ਆਊਟ-ਸੋਰਸਿੰਗ ਤੇ ਕੰਮ ਕਰ ਰਹੇ ਸਫਾਈ ਸੇਵਕਾਂ ਦੀ ਕੁੱਲ ਗਿਣਤੀ 6144 ਹੈ।

(ਅ) ਸਫਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਇਸ ਵਿਭਾਗ ਵੱਲੋਂ ਪੱਤਰ ਨੰ: ਸ1-ਜਬ-ਡਸਸ-11/34583-607 ਮਿਤੀ 14.11.2011 ਰਾਹੀਂ ਹਦਾਇਤਾਂ/ਪਾਲਿਸੀ ਜਾਰੀ ਕੀਤੀ ਗਈ ਸੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮਾਨਯੋਗ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਜਿਹੜੀ ਗਿਣਤੀ ਦਿੱਤੀ ਹੈ, ਉਹ ਸਹੀ ਨਹੀਂ ਹੈ । ਇਕੱਲੇ ਲੁਧਿਆਣੇ ਵਿੱਚ ਹੀ ਤਿੰਨ ਹਜ਼ਾਰ ਬੰਦਾ ਠੇਕੇ ਤੇ ਭਰਤੀ ਹੈ । ਉਨ੍ਹਾਂ ਨੂੰ ਪੱਕਾ ਕਰਨ ਲਈ ਉਹ ਬੜੀ ਦੇਰ ਤੋਂ, ਭਾਵ ਪਿਛਲੇ 15 ਸਾਲ ਤੋਂ ਡਿਮਾਂਡ ਕਰ ਰਹੇ ਹਨ । ਸਰਕਾਰ ਨੇ ਉਨ੍ਹਾਂ ਨੂੰ ਐਸ਼ਿਓਰੈਂਸ ਵੀ ਦਿੱਤੀ ਸੀ ਪਰ ਉਹ ਪੂਰੀ ਨਹੀਂ ਹੋ ਰਹੀ । ਪੂਰੇ ਪੰਜਾਬ ਵਿੱਚ ਹਰ ਮਿਊਂਸਿਪਲ ਕਮੇਟੀ ਵਿੱਚ 50 ਤੋਂ 100 ਬੰਦੇ ਠੇਕੇ ਤੇ 20-20 ਸਾਲ ਤੋਂ ਲੱਗੇ ਹੋਏ ਹਨ ਪਰ ਉਹ ਪੱਕੇ ਨਹੀਂ ਹੋ ਰਹੇ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਗਿਣਤੀ ਸਹੀ ਦੇ ਦੇਣ ਅਤੇ ਦੂਜੀ ਬੇਨਤੀ ਇਹ ਹੈ ਕਿ ਪਾਲਿਸੀ ਦੱਸੀ ਹੈ ਕਿ 14.11.2011 ਰਾਹੀਂ ਹਦਾਇਤਾਂ/ਪਾਲਿਸੀ ਜਾਰੀ ਕਰ ਦਿੱਤੀ ਗਈ ਸੀ । 11 ਸਾਲ਼ਾਂ ਵਿੱਚ ਤਾਂ ਸਰਕਾਰ ਵੀ ਦੁਬਾਰਾ ਬਣ ਗਈ । ਚਾਰ ਸਾਲ ਵੀ ਲੰਘ ਗਏ ਤੇ ਇਹ ਦੱਸਣ ਕਿ ਇਨ੍ਹਾਂ ਨੂੰ ਕਦੋਂ ਪੱਕਾ ਕੀਤਾ ਜਾਵੇਗਾ ? ਪਾਲਿਸੀ ਨੂੰ ਕੀ ਕਰਨਾ ਹੈ । ਮੈਨੂੰ ਤਾਂ ਇਹ ਦੱਸਣ ਕਿ ਇਨ੍ਹਾਂ ਨੂੰ ਕਦੋਂ ਪੱਕਾ ਕੀਤਾ ਜਾਵੇਗਾ ? ਪਾਲਿਸੀ ਤਾਂ ਇਨ੍ਹਾਂ ਦੀ ਕਾਗਜ਼ਾਂ ਵਿੱਚ ਪਈ ਹੈ । ਇਸ ਦਾ ਕੀ ਫਾਇਦਾ ਹੈ ?

**ਮਾਨਯੋਗ ਸਪੀਕਰ :** ਜੋਸ਼ੀ ਜੀ, ਇਹ ਕਾਫੀ ਸਮੇਂ ਤੋਂ ਪੈਂਡਿੰਗ ਹੈ।

**ਮੰਤਰੀ :** ਸਪੀਕਰ ਸਾਹਿਬ, ਅਸਲ ਦੇ ਵਿੱਚ ਇਹ ਪੱਕੇ ਕਰਨੇ ਹਨ। ਇਸ ਬਾਰੇ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਇਹ ਪੱਕੇ ਮਿਉਂਸਿਪਲ ਕਾਰਪੋਰੇਸ਼ਨ, ਮਿਉਂਸਿਪਲ ਕਮੇਟੀਆਂ ਅਤੇ ਲੋਕਲ ਬਾਡੀਜ਼ ਨੇ ਕਰਨੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਵਿੱਤੀ ਸਥਿਤੀ ਦੇਖਣੀ ਹੁੰਦੀ ਹੈ। ਜਦੋਂ ਉਹ ਮਤਾ ਪਾ ਕੇ ਭੇਜ ਦੇਣਗੇ ਤਾਂ ਅਸੀਂ ਤਾਂ ਉਸੇ ਵੇਲੇ ਕਰ ਦਿੰਦੇ ਹਾਂ, ਸਾਨੂੰ ਕੋਈ ਦਿੱਕਤ ਨਹੀਂ ਹੈ। ਨਾ ਅਸੀਂ ਕੋਈ ਉਨ੍ਹਾਂ ਨੂੰ ਧੱਕੇ ਨਾਲ ਡਾਇਰੈਕਸ਼ਨ ਦੇ ਸਕਦੇ ਹਾਂ ਕਿ ਪੱਕੇ ਕਰੋ ਜੀ। ਅਸੀਂ ਤਾਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ, ਪਾਲਿਸੀ ਜਾਰੀ ਕਰ ਦਿੱਤੀ ਹੈ। ਉਨ੍ਹਾਂ ਨੇ ਆਪਣੀ ਚਾਦਰ ਦੇਖਣੀ ਹੈ ਕਿ ਕਿੰਨੀ ਹੈ ਅਤੇ ਕਿੰਨੇ ਪੈਰ ਪਸਾਰਨੇ ਹਨ। ਇਹ ਤਾਂ ਉਨ੍ਹਾਂ ਦੀ ਲੋਕਲ ਬਾਡੀਜ਼ ਦੀ ਹੈ। ਬਾਕੀ ਲੁਧਿਆਣਾ ਦੀ ਤੁਸੀਂ ਗਿਣਤੀ ਕਹੀ ਹੈ, ਉਥੇ 2114 ਡੀ.ਸੀ. ਰੇਟ ਤੇ ਲੱਗੇ ਹੋਏ ਹਨ। ਜਿਹੜੇ ਬਾਕੀ ਰੀਜ਼ਨ ਦੇ ਹਨ, ਉਹ 1165 ਹਨ। ਇਹ ਤਿੰਨ ਕੁ ਹਜ਼ਾਰ ਦੇ ਕਰੀਬ ਹੋ ਹੀ ਜਾਂਦੇ ਹਨ, ਐਸੀ ਕੋਈ ਗੱਲ ਨਹੀਂ ਹੈ। ਅਸੀਂ ਦੁਬਾਰਾ ਉਨ੍ਹਾਂ ਨੂੰ ਚਿੱਠੀ ਜਾਰੀ ਕਰ ਦਿੰਦੇ ਹਾਂ। ਇਹ ਤਾਂ ਕਾਰਪੋਰੇਸ਼ਨ ਅਤੇ ਮਿਉਂਸਿਪਲ

ਕਮੇਟੀਆਂ ਦਾ ਆਪਣਾ ਮੈਟਰ ਹੈ। ਸਪੀਕਰ ਸਾਹਿਬ, ਉਨ੍ਹਾਂ ਨੇ ਦੇਖਣਾ ਹੈ ਕਿ ਉਨ੍ਹਾਂ ਦਾ ਰੈਵੇਨਿਊ ਕਿੰਨਾ ਹੈ, ਕਿੰਨੇ ਪੱਕੇ ਕਰਨੇ ਹਨ। ਸਾਡੇ ਵੱਲੋਂ ਹਦਾਇਤਾਂ ਜਾਰੀ ਹਨ ਜੀ। ਦੁਬਾਰਾ, ਮਾਨਯੋਗ ਸਪੀਕਰ ਸਾਹਿਬ, ਮੈਂ ਹੋਰ ਦੱਸ ਦਿੰਦਾ ਹਾਂ। ਮਾਨਯੋਗ ਸੀ.ਐਮ. ਸਾਹਿਬ ਨੇ ਬੁਲਾਇਆ ਸੀ। ਮੈਨੂੰ ਵੀ ਯੂਨੀਅਨਾਂ ਮਿਲ ਕੇ ਗਈਆਂ ਹਨ। ਪਿੱਛੇ ਅਸੀਂ ਇਹ ਕੀਤਾ ਹੈ ਕਿ ਜਿਹੜੇ ਆਊਟ ਸੋਰਸਿਜ਼ ਤੇ ਲੱਗੇ ਸੀ, ਉਹ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਘੱਟ ਤੋਂ ਘੱਟ ਡੀ.ਸੀ. ਰੇਟ ਤੇ ਹੋ ਜਾਣ। ਮੈਨੂੰ ਪਤਾ ਹੈ ਕਿ ਗਰੀਬਾਂ ਦਾ ਇਸ ਵਿੱਚ ਬਹੁਤ ਸੋਸ਼ਣ ਹੁੰਦਾ ਹੈ। ਠੇਕੇਦਾਰ ਲੋਕਲ ਬਾਡੀਜ਼ ਕੋਲੋਂ ਚੈੱਕ ਲੈ ਲੈਂਦੇ ਹਨ, ਫਿਰ ਉਨ੍ਹਾਂ ਨੂੰ ਪਿੱਛੇ ਪਿੱਛੇ ਤੋਰਦੇ ਰਹਿੰਦੇ ਹਨ। ਇਸ ਵਿੱਚ ਮੈਨੂੰ ਆਪ ਇਸ ਗੱਲ ਦੀ ਤਕਲੀਫ ਹੈ ਕਿ ਉਹ ਸਾਨੂੰ ਕਈ ਵਾਰ ਮਿਲਦੇ ਹਨ। ਉਨ੍ਹਾਂ ਨੂੰ ਇਹ 500-500, 1000-1000 ਕਰਕੇ ਦਿੰਦੇ ਹਨ। ਅਸੀਂ ਯੂਨੀਅਨਾਂ ਨੂੰ ਬੁਲਾ ਕੇ, ਪਿੱਛੇ ਸੀ.ਐਮ. ਸਾਹਿਬ ਦੇ ਲੈਵਲ ਤੇ ਵੀ ਇੱਕ ਮੀਟਿੰਗ ਹੋਈ ਹੈ, ਮੈਂ ਵੀ ਕੀਤੀ ਹੈ। ਮੈਨੂੰ ਉਮੀਦ ਹੈ ਕਿ ਅਸੀਂ ਇੱਕ ਅੱਧੇ ਮਹੀਨੇ ਵਿੱਚ ਉਨ੍ਹਾਂ ਦਾ ਕੁਝ ਨਾ ਕੁਝ ਸਹੀ ਪ੍ਰਬੰਧ ਕਰ ਦੇਵਾਂਗੇ। ਇਹ ਮੇਰੇ ਆਪਣੇ ਮਨੋਂ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਅਤੇ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਇਹ ਕਹਿ ਰਹੇ ਹਨ ਕਿ ਇਹ ਸਿਰਫ ਕਾਰਪੋਰੇਸ਼ਨਾਂ ਦਾ ਕੰਮ ਹੈ, ਸਾਡਾ ਨਹੀਂ ਹੈ। ਜਦੋਂ ਤਾਂ ਪਿਛਲੀ ਵਾਰੀ ਪ੍ਰਾਪਰਟੀ ਟੈਕਸ ਲੱਗਿਆ ਤਾਂ ਮੈਂ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਨਹੀਂ ਟੈਕਸ ਲਗਾ ਸਕਦੇ। ਇਹ ਟੈਕਸ ਥੱਲੇ ਕਾਰਪੋਰੇਸ਼ਨਾਂ ਜਦ ਤੱਕ ਰੈਜ਼ੋਲਿਊਸ਼ਨ ਨਹੀਂ ਪਾਉਂਦੀਆਂ, ਤਦ ਤੱਕ ਨਹੀਂ ਲਗਦਾ। ਜਦ ਇਨ੍ਹਾਂ ਨੇ ਟੈਕਸ ਲਗਾਉਣਾ ਹੁੰਦਾ ਹੈ ਤਦ ਇਹ ਕਹਿੰਦੇ ਹਨ ਕਿ ਅਸੀਂ ਲਗਾਵਾਂਗੇ। ਜਦੋਂ ਬੰਦੇ ਪੱਕੇ ਕਰਨੇ ਹਨ ਤਦ ਇਹ ਕਹਿੰਦੇ ਹਨ ਕਿ ਕਾਰਪੋਰੇਸ਼ਨਾਂ ਕਰਨਗੀਆਂ। ਕਾਰਪੋਰੇਸ਼ਨਾਂ, ਮਿਊਂਸਿਪਲ ਕਮੇਟੀਆਂ ਮਤੇ ਪਾ ਕੇ ਕਿੰਨੀ ਕਿੰਨੀ ਵਾਰ ਭੇਜ ਚੁੱਕੀਆਂ ਹਨ ਅਤੇ ਡਾਇਰੈਕਟਰ ਵੱਲੋਂ ਉਥੇ ਹੀ ਮਤਾ ਰੱਦ ਕਰ ਦਿੱਤਾ ਜਾਂਦਾ ਹੈ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਰਕਾਰ ਹੋ, ਤੁਸੀਂ ਥੱਲੇ ਤੋਂ ਮਤੇ ਮੰਗਵਾ ਕੇ, ਜਿਹੜੇ ਲੋਕਾਂ ਨੇ ਪਾਏ ਹੋਏ ਹਨ, ਸਾਨੂੰ ਇਥੇ ਦੱਸੋ ਕਿ ਕਦੋਂ ਤੱਕ ਤੁਹਾਡਾ ਡਾਇਰੈਕਟਰ ਪਾਸ ਕਰਕੇ ਉਨ੍ਹਾਂ ਨੂੰ ਪੱਕੇ ਕਰ ਦੇਵੇਗਾ? ਦੂਸਰੀ ਮੇਰੀ ਬੇਨਤੀ ਇਹ ਹੈ ਕਿ ਠੇਕੇਦਾਰੀ ਸਿਸਟਮ ਕੀਤਾ ਹੋਇਆ ਹੈ, ਉਸ ਨਾਲ ਕਿਸੇ ਨੂੰ ਵੀ ਡੀ.ਸੀ. ਰੇਟ ਤੇ ਪੇਮੈਂਟ ਨਹੀਂ ਮਿਲਦੀ।

[ ਸਰਦਾਰ ਚਰਨਜੀਤ ਸਿੰਘ ਚੰਨੀ ]

ਉਨ੍ਹਾਂ ਤੋਂ 1000-1000, 1500-1500 ਵਿੱਚ ਠੇਕੇਦਾਰ ਸਫਾਈ ਕਰਵਾਈ ਜਾਂਦੇ ਹਨ। ਇਹ ਅੱਜ ਤੋਂ ਨਹੀਂ ਹੈ ਜੀ। ਇਨ੍ਹਾਂ ਤੱਕ ਤਾਂ ਉਹ ਗੱਲ ਹੀ ਨਹੀਂ ਪਹੁੰਚਦੀ। ਠੇਕੇਦਾਰ ਗਰੀਬ ਆਦਮੀ ਦਾ ਸੋਸ਼ਣ ਕਰ ਰਿਹਾ ਹੈ। ਠੇਕੇਦਾਰ ਅਤੇ ਈ.ਓ. ਮਿਲ ਕੇ ਪੈਸੇ ਖਾਈ ਜਾਂਦੇ ਹਨ ਜੀ। ਜਿਹੜੇ ਸਾਡੇ ਗਰੀਬ ਆਦਮੀ ਹਨ, ਉਨ੍ਹਾਂ ਨੂੰ ਕੋਈ ਪੈਸਾ ਨਹੀਂ ਮਿਲਦਾ। ਮੈਂ ਇਹ ਕਹਿੰਦਾ ਹਾਂ ਕਿ ਕੀ ਇਹ ਐਸ਼ਿਓਰ ਕਰਨਗੇ ਕਿ ਜਿਹੜਾ ਵੀ ਸਫਾਈ ਸੇਵਕ ਹੈ, ਘੱਟੋ-ਘੱਟ ਉਨ੍ਹਾਂ ਨੂੰ ਡੀ.ਸੀ. ਰੇਟ ਤੇ ਪੈਸੇ ਮਿਲਣ। ਜਿਹੜੇ ਪੱਕੇ ਹੋਣ ਵਾਲੇ ਹਨ, ਉਨ੍ਹਾਂ ਨੂੰ ਇੱਕ ਮਹੀਨਾ, ਦੋ ਮਹੀਨੇ, ਡੇਟ ਫਿਕਸ ਕਰਕੇ ਦੱਸ ਦੇਣ ਕਿ ਇੰਨੀ ਦੇਰ ਵਿੱਚ ਅਸੀਂ ਕਰ ਦੇਵਾਂਗੇ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਪਹਿਲਾਂ ਇਨ੍ਹਾਂ ਨੇ ਪ੍ਰਾਪਰਟੀ ਟੈਕਸ ਵਾਲੀ ਗੱਲ ਕੀਤੀ ਹੈ, ਉਸ ਬਾਰੇ ਦੱਸ ਦਿੰਦਾ ਹਾਂ ਕਿ ਅਸੀਂ ਪਾਲਿਸੀ ਬਣਾ ਕੇ, ਜੋ ਇਥੇ ਤੁਸੀਂ ਕਾਨੂੰਨ ਪਾਸ ਕਰਦੇ ਹੋ, ਜੋ ਐਕਟ ਬਣਦਾ ਹੈ, ਜੋ ਬਿਲ ਆਉਂਦਾ ਹੈ, ਅਸੀਂ ਉਨ੍ਹਾਂ ਨੂੰ ਫਾਰਵਰਡ ਕਰ ਦਿੰਦੇ ਹਾਂ। ਫਿਰ ਵੀ ਇਹ ਉਨ੍ਹਾਂ ਤੇ ਹੈ ਕਿ ਉਨ੍ਹਾਂ ਨੇ ਇਹ ਲਗਾਉਣਾ ਹੈ ਕਿ ਨਹੀਂ ਲਗਾਉਣਾ। ਉਹ ਮਤਾ ਪਾ ਕੇ ਭੇਜ ਦੇਣ ਕਿ ਅਸੀਂ ਨਹੀਂ ਲਗਾਉਣਾ ਚਾਹੁੰਦੇ, ਇਹ ਉਨ੍ਹਾਂ ਦੇ ਉਤੇ ਹੁੰਦਾ ਹੈ। ਅਸੀਂ ਉਸ ਨੂੰ ਵੀ ਕਨਸਿਡਰ ਕਰਦੇ ਹਾਂ। ਆਖਰੀ ਫੈਸਲਾ ਚੁਣੀਆਂ ਹੋਈਆਂ ਲੋਕਲ ਬਾਡੀਜ਼ ਨੇ ਕਰਨਾ ਹੁੰਦਾ ਹੈ। ਬਾਕੀ ਜਿਹੜੀ ਇਨ੍ਹਾਂ ਨੇ ਮਤਿਆਂ ਦੀ ਗੱਲ ਕੀਤੀ ਹੈ। ਇਹ ਪਰਾਬਲਮ ਮੈਂ ਪਹਿਲਾਂ ਵੀ ਦੱਸੀ ਹੈ। ਇਹ ਡਾਇਰੈਕਟਰ ਸਾਹਿਬ ਦੀ ਪਰਾਬਲਮ ਹੈ। ਮੈਂ ਹਾਊਸ ਵਿੱਚ ਵੀ ਕਹਿ ਦਿੰਦਾ ਹਾਂ ਅਤੇ ਤੁਹਾਡੇ ਰਾਹੀਂ ਆਪਣੇ ਸੈਕ੍ਰੇਟਰੀ, ਸੀ.ਐਮ. ਸਾਹਿਬ, ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਉਹ ਬਿਨਾਂ ਵਜ੍ਹਾ ਮਤਿਆਂ ਦੇ ਉਤੇ, ਉਨ੍ਹਾਂ ਨੂੰ ਬਹੁਤ ਵਾਰੀ ਕਹਿ ਲਿਆ ਹੈ, ਲਿਖ ਲਿਆ ਹੈ, ਉਹ ਬਿਨਾਂ ਵਜ੍ਹਾ ਉਤੇ ਆਬਜੈਕਸ਼ਨ ਲਗਾਉਂਦੇ ਹਨ। ਕਿਸੇ ਨੇ ਚਾਰ ਰੇੜ੍ਹੀਆਂ ਖਰੀਦਣੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਵੀ ਪੁੱਛਦੇ ਹਨ ਕਿ ਤੁਹਾਡੇ ਕੋਲ ਪੈਸੇ ਹਨ, ਉਹ ਭਾਵੇਂ ਕਿਸੇ ਕੋਲੋਂ ਡੋਨੇਟ ਹੀ ਕਰਵਾ ਲੈਣ। ਇਸ ਕਰਕੇ ਇਹ ਕਈਆਂ ਆਫੀਸਰਜ਼ ਦੀ ਪਰਾਬਲਮ ਹੈ .(ਵਿਘਨ). ਮੇਰੀ ਗੱਲ ਸੁਣੋ ਜੀ। ਮੈਂ ਜਿਹੜਾ ਜਵਾਬ ਦੇ ਰਿਹਾ ਹਾਂ, ਇਹ ਅੰਦਰੋਂ ਦੇ ਰਿਹਾ ਹਾਂ। ਤੁਸੀਂ ਇਸ ਨੂੰ ਰਾਜਨੀਤੀ ਵਿੱਚ ਨਾ ਲਵੋ। ਇਹ ਹੋ ਸਕਦਾ ਹੈ ਕਿ ਹੋਰ ਨੂੰ ਵੀ ਪਰਾਬਲਮ ਹੋਵੇ, ਕੋਈ ਨਾ ਕਹਿੰਦਾ ਹੋਵੇ। ਕੋਈ ਨਾ ਕਹਿੰਦਾ ਹੋਵੇ, ਮੈਂ ਕਹਿ

ਰਿਹਾ ਹਾਂ। ਦੂਸਰੀ ਗੱਲ ਜਿਹੜੀ ਤੁਸੀਂ ਕਹੀ ਹੈ, ਉਹ ਮੈਂ ਪਹਿਲਾਂ ਕਹਿ ਦਿੱਤੀ ਹੈ। ਮੈਨੂੰ ਆਪ ਦਿੱਕਤ ਹੈ ਕਿ ਠੇਕੇਦਾਰ ਉਨ੍ਹਾਂ ਨੂੰ ਤੰਗ ਕਰਦੇ ਹਨ, ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਉਹ ਅਸੀਂ ਡਿਪਟੀ ਸੀ.ਐਮ. ਸਾਹਿਬ, ਸੀ.ਐਮ. ਸਾਹਿਬ ਨਾਲ ਮੀਟਿੰਗ ਕੀਤੀ ਹੈ। ਅਸੀਂ ਉਸ ਦਾ ਇੱਕ-ਦੋ ਮਹੀਨਿਆਂ ਵਿੱਚ ਹੱਲ ਕੱਢ ਦੇਣਾ ਹੈ। ਉਨ੍ਹਾਂ ਨੂੰ ਪਰਾਪਰ ਪੂਰੇ ਪੈਸੇ ਮਿਲਣ, ਸਮੇਂ ਸਿਰ ਮਿਲਣ, ਗਰੀਬ ਆਦਮੀ ਦਾ ਘਰ ਚੱਲੇ, ਇਹ ਮੇਰੇ ਆਪਣੇ ਮਨ ਵਿੱਚ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਗੱਲ ਸੁਣੋ। ਮੰਤਰੀ ਜੀ ਨੇ ਹਾਊਸ ਦੇ ਵਿੱਚ ਬਿਆਨ ਦਿੱਤਾ ਹੈ ਕਿ ਡਾਇਰੈਕਟਰ ਨਹੀਂ ਮੰਨਦਾ। ਮੇਰੀ ਵੀ ਨਹੀਂ ਮੰਨਦਾ। ਡਾਇਰੈਕਟਰ ਗਰੀਬ ਆਦਮੀਆਂ ਦੇ ਮਤੇ ਰੋਕ ਰਿਹਾ ਹੈ। ਸੈਕ੍ਰੇਟਰੀ ਰੋਕ ਰਿਹਾ ਹੈ। ਫਿਰ ਇਹੋ ਜਿਹੇ ਸੈਕ੍ਰੇਟਰੀ ਕਿਉਂ ਰਹਿਣ ਜੀ ਜਿਹੜੇ ਗਰੀਬਾਂ ਦਾ ਘਾਣ ਕਰ ਰਹੇ ਹਨ? ਸਪੀਕਰ ਸਾਹਿਬ, ਤੁਸੀਂ ਇਸ ਗੱਲ ਨੂੰ ਲਾਈਟਲੀ ਨਾ ਲਵੋ। ਇਹ ਇੱਕ ਮੰਤਰੀ ਦਾ ਸਦਨ ਵਿੱਚ ਬਿਆਨ ਹੈ ਕਿ ਉਸ ਦੀ ਸੈਕ੍ਰੇਟਰੀ ਤੇ ਡਾਇਰੈਕਟਰ ਨਹੀਂ ਮੰਨ ਰਿਹਾ, ਗਰੀਬ ਆਦਮੀਆਂ ਦੇ ਮਤੇ ਪਾਸ ਹੋ ਕੇ ਉਨ੍ਹਾਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ, ਫਿਰ ਅਜਿਹੇ ਡਾਇਰੈਕਟਰ ਤੇ ਸੈਕ੍ਰੇਟਰੀ ਮਹਿਕਮਿਆਂ ਵਿਚ ਕਿਉਂ ਰਹਿ ਰਹੇ ਹਨ ਜਿਥੇ ਗਰੀਬ ਆਦਮੀਆਂ ਦਾ ਸੋਸ਼ਣ ਹੋ ਰਿਹਾ ਹੈ?

**ਮੰਤਰੀ:** ਤੁਸੀਂ ਇੱਥੇ ਰਾਜਨੀਤੀ ਨਾ ਕਰੋ, ਮੈਂ ਪਹਿਲਾਂ ਵੀ ਕਿਹਾ ਸੀ..

**ਸਰਦਾਰ ਚਰਨਜੀਤ ਸਿੰਘ ਚੰਨੀ**: ਨਹੀਂ, ਜੀ, ਇੱਥੇ ਡਿਪਟੀ ਸੀ.ਐਮ.ਸਾਹਿਬ ਬੈਠੇ ਹਨ, ਇਨ੍ਹਾਂ ਦੋਹਾਂ ਅਫਸਰਾਂ ਨੂੰ ਇੱਥੋਂ ਬਦਲੋ ।

**ਮੰਤਰੀ:** ਇੱਕ ਮਿੰਟ ਗੱਲ ਸੁਣੋ। ਹਾਂ, ਉਸ ਦਾ ਕਰ ਦਿਆਂਗੇ (ਵਿਘਨ) ਕਰ ਰਹੇ ਹਨ, ਦੋਹਾਂ ਦੀ ਮੈਂ ਗੱਲ ਨਹੀਂ ਕੀਤੀ, ਮੈਂ ਕੇਵਲ ਡਾਇਰੈਕਟਰ ਦੀ ਗੱਲ ਕੀਤੀ ਹੈ ..

**ਸਰਦਾਰ ਚਰਨਜੀਤ ਸਿੰਘ ਚੰਨੀ:** ਹੱਦ ਹੋ ਗਈ ਹੈ, ਜੇ ਕੋਈ ਮੰਤਰੀ ਦੀ ਗੱਲ ਨਹੀਂ ਮੰਨਦਾ । ਅਸੀਂ ਗਰੀਬ ਆਦਮੀਆਂ ਨੂੰ ਪੱਕਾ ਕਰਵਾਉਣਾ ਚਾਹੁੰਦੇ ਹਾਂ। ਉਹ ਸਫਾਈ ਕਰਦੇ ਹਨ, ਸਾਰਾ ਦਿਨ ਕੂੜਾ ਚੁੱਕਦੇ ਹਨ।

**ਮੰਤਰੀ:** ਪੱਕਾ ਤਾਂ ਉਨ੍ਹਾਂ ਨੇ ਤਾਂ ਨਹੀਂ ਕਰਨਾ, ਉਹ ਤਾਂ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ। ਪੱਕਾ ਉਨ੍ਹਾਂ ਨੇ ਨਹੀਂ ਕਰਨਾ।

**ਸਰਦਾਰ ਚਰਨਜੀਤ ਸਿੰਘ ਚੰਨੀ :** ਨਹੀਂ, ਨਹੀਂ, ਉਨ੍ਹਾਂ ਦੇ ਮਤੇ ਆਏ ਹੋਏ ਹਨ, ਸਾਰੇ ਰੋਕੀ ਬੈਠੇ ਹਨ। (ਵਿਘਨ) ਤੁਸੀਂ ਇਸ ਗੱਲ ਨੂੰ ਆਪ ਮੰਨਦੇ ਹੋ । ਫਿਰ ਅਜਿਹੇ ਸੈਕ੍ਰੇਟਰੀ ਤੇ ਡਾਇਰੈਕਟਰ ਗਰੀਬ ਆਦਮੀਆਂ ਵਾਸਤੇ ਕਿਉਂ ਰਹਿਣੇ ਚਾਹੀਦੇ ਹਨ ?

**ਮਾਨਯੋਗ ਸਪੀਕਰ:** ਕੋਈ ਨਹੀਂ, ਬ;ਕ੍ਤਕ ਤਜਵ ਦਰਮਅ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਜਵਾਬ ਮੰਗਦਾ ਹਾਂ । ਇਹ ਸਰਕਾਰ ਦਾ ਮੰਤਰੀ ਕਹਿ ਰਿਹਾ ਹੈ ਕਿ ਸੈਕ੍ਰੇਟਰੀ ਤੇ ਡਾਇਰੈਕਟਰ ਜਾਣ-ਬੁੱਝ ਕੇ ਉਨ੍ਹਾਂ ਨੂੰ ਪੱਕਾ ਨਹੀਂ ਕਰ ਰਹੇ ਫਿਰ ਅਜਿਹੇ ਬੰਦੇ ਗਰੀਬਾਂ ਦੇ ਮਗਰ ਕਿਉਂ ਲਗਾਏ ਹੋਏ ਹਨ ਜਿਹੜੇ ਸਡਿਊਲਡ ਕਾਸ੍ਟ ਦੇ ਲੋਕਾਂ ਦਾ ਸੋਸ਼ਣ ਕਰ ਰਹੇ ਹਨ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੀ ਕੱਲ੍ਹ ਪਰਸੋਂ ਦੀ ਰਾਜਨੀਤੀ ਚੱਲੀ ਨਹੀਂ ਹੈ ..

**ਸਰਦਾਰ ਚਰਨਜੀਤ ਸਿੰਘ ਚੰਨੀ :** ਨਹੀਂ ਨਹੀ, ਇਸ ਵਿਚ ਕੋਈ ਰਾਜਨੀਤੀ ਨਹੀਂ ਹੈ। ਕੀ ਜਦੋਂ ਗਰੀਬਾਂ ਦੀ ਗੱਲ ਆਉਂਦੀ ਹੈ ਤਦ ਹੀ ਰਾਜਨੀਤੀ ਆ ਜਾਂਦੀ ਹੈ, ਅਜਿਹੀ ਗੱਲ ਨਹੀਂ ਹੈ।

**ਮੰਤਰੀ :** ਹਰ ਗੱਲ ਪਿਛੇ ਇਹ ਕ੍ਰੈਡਿਟ ਦੀ ਦੌੜ ਵਿੱਚ ਪੈਂਦੇ ਹਨ (ਵਿਘਨ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਾਡੀ ਕੀ ਨਹੀਂ ਚੱਲੀ? ਅਸੀਂ ਸਾਰੇ ਕੰਮ ਕਰਵਾ ਰਹੇ ਹਾਂ।

**ਮੰਤਰੀ :** ਸਪੀਕਰ ਸਾਹਿਬ, ਜਦੋਂ ਇਹ ਕ੍ਰੈਡਿਟ ਦੀ ਦੌੜ ਵਿੱਚ ਪੈਂਦੇ ਹਨ ਤਾਂ ਇਨ੍ਹਾਂ ਦੀ ਗੱਲ ਫੇਲ੍ਹ ਹੋ ਜਾਂਦੀ ਹੈ, ਤੁਸੀਂ ਕ੍ਰੈਡਿਟ ਦੀ ਦੌੜ ਵਿੱਚ ਨਾ ਪਉ.. (ਵਿਘਨ)

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਕੋਈ ਕ੍ਰੈਡਿਟ ਨਹੀਂ ਲੈਣਾ ਚਾਹੁੰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਅਨਾਊਂਸ ਕਰ ਦਿਉ ਕਿ ਇੰਨੇ ਦਿਨਾਂ ਵਿਚ ਪੱਕੇ ਕਰ ਦਿਉਗੇ ਤਾਂ ਮੈਂ ਬੈਠ ਜਾਂਦਾ ਹਾਂ। (ਵਿਘਨ)

**ਮੰਤਰੀ :** ਮੈਂ ਜਿਹੜੀ ਗੱਲ ਕੀਤੀ ਹੈ, ਉਹ ਬਿਲਕੁਲ ਸਹੀ ਕੀਤੀ ਹੈ, ..

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਆਪਣੇ ਦਿਲ ਦੀ ਗੱਲ

ਕੀਤੀ, ਤੁਹਾਨੂੰ ਗਰੀਬਾਂ ਵਾਸਤੇ ਦਰਦ ਹੈ, ਮੈਂ ਸਮਝਦਾ ਹਾਂ। ਤੁਹਾਡਾ ਮੈਂ ਅੰਦਰੋਂ ਦਰਦ ਸਮਝ ਰਿਹਾ ਹਾਂ ਤੁਸੀਂ ਗਰੀਬਾਂ ਵਾਸਤੇ ਜੋ ਕਰਨਾ ਚਾਹੁੰਦੇ ਹੋ ਪਰ ਸਰਕਾਰ ਕਰਨ ਦੇਣਾ ਨਹੀਂ ਚਾਹੁੰਦੀ ਤਾਂ ਫਿਰ ਤੁਸੀਂ ਡਾਇਰੈਕਟਰ ਨੂੰ ਬਦਲੋ ।

**Mr. Speaker:** Please sit down.

**ਮੰਤਰੀ :** ਅਸੀਂ ਕਰ ਰਹੇ ਹਾਂ। ਫਿਰ ਜਦੋਂ ਤੁਹਾਨੂੰ ਕਹਿ ਦਿੱਤਾ ਹੈ। ਫਿਰ ਤੁਸੀਂ ਕ੍ਰੈਡਿਟ ਦੀ ਦੌੜ ਵਿਚ ਪੈਂਦੇ ਹਨ ਤਾਂ ਤੁਹਾਡਾ ਕੰਮ ਫੇਲ੍ਹ ਹੋ ਜਾਂਦਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਨਹੀਂ, ਕ੍ਰੈਡਿਟ ਲੈਣ ਵਾਲੀ ਕੋਈ ਗੱਲ ਨਹੀਂ ਹੈ..(ਵਿਘਨ)

**ਮੰਤਰੀ :** ਤੁਸੀਂ ਕ੍ਰੈਡਿਟ ਦੀ ਦੌੜ ਵਿੱਚ ਨਾ ਪਉ, ਸੋਬਰ ਗੱਲ ਕਰੋ (ਵਿਘਨ) ਸੋਬਰ ਗੱਲ ਕਰੋ । ਤੁਸੀਂ ਆਪੋਜ਼ੀਸ਼ਨ ਦੇ ਤੌਰ ਤੇ ਫੇਲ੍ਹ ਹੋ ਰਹੇ । (ਵਿਘਨ) ਹਰ ਗੱਲ ਉਤੇ ਕ੍ਰੈਡਿਟ, ਹਰ ਗੱਲ ਉਤੇ ਕ੍ਰੈਡਿਟ, ਇਹ ਤੁਹਾਡਾ ਨੁਕਸਾਨ ਕਰ ਰਿਹਾ ਹੈ। ਮੈਂ ਇਹ ਤੁਹਾਨੂੰ ਸੁਜੈਸ਼ਨ ਦੇ ਰਿਹਾ ਹਾਂ, ਬਾਕੀ ਤੁਹਾਡੀ ਮਰਜ਼ੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਡਾਇਰੈਕਟਰ ਤੇ ਸੈਕ੍ਰੇਟਰੀ ਨੂੰ ਜਾਂ ਤਾਂ ਬਦਲਣ ਦੀ ਗੱਲ ਕਰੋ ਜਾਂ ਸਾਨੂੰ ਐਸੋਰੈਂਸ਼ ਦਿਉ। (ਵਿਘਨ) (ਸ਼ੋਰ)

**ਮੰਤਰੀ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਬੰਦਿਆਂ ਦੀ ਗੱਲ ਨਹੀਂ ਸੁਣਦੇ (ਵਿਘਨ) ਤੁਹਾਡੇ ਪਿਛੇ ਹੱਥ ਖੜ੍ਹੇ ਕਰਦੇ ਹੁੰਦੇ ਹਨ, ਤੁਸੀਂ ਆਪਣਾ ਹੱਥ ਖੜ੍ਹਾ ਕਰ ਲੈਂਦੇ ਹੋ, ਤੁਸੀਂ ਪਿਛੇ ਵੀ ਝਾਤੀ ਮਾਰ ਲਿਆ ਕਰੋ। ਮੈਂ ਇਹ ਤੁਹਾਡੇ ਬੰਦਿਆਂ ਦੀ ਗੱਲ ਤਾਂ ਨਹੀਂ ਕਰ ਦਿੱਤੀ । (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਹਾਲਾਤ ਜਿਹੜੇ ਹਨ, ਇਹ ਸਿਰਫ ਬੀ.ਜੇ.ਪੀ. ਦੇ ਮੰਤਰੀਆਂ ਦੇ ਹਨ ਜਾਂ ਫਿਰ ਸਾਰੇ ਮੰਤਰੀਆਂ ਦੇ ਹਨ?

**ਮਾਨਯੋਗ ਸਪੀਕਰ :** ਨਹੀਂ।

**ਸ਼੍ਰੀ ਸੁਨੀਲ ਜਾਖੜ :** ਨਹੀਂ, ਸਰ, ਇੱਕ ਬੜਾ ਹੀ ਇੰਪਾਰਟੈਂਟ ਕੁਐਸਚਨ ਹੈ । ਵੇਖੋ ਜੋਸ਼ੀ ਸਾਹਿਬ ਜੀ ਨੇ ਗੱਲ ਕੀਤੀ ਹੈ, ਬਾਕੀ ਸਾਥੀਆਂ ਦਾ ਵੀ ਫਰੋਲ ਲਈਏ, ਸਾਰਿਆਂ ਦੇ ਕੀ ਹਾਲਾਤ ਹਨ...(ਹਾਸਾ)

**ਮਾਨਯੋਗ ਸਪੀਕਰ :** ਨਹੀਂ। ਹਾਂ ਜੀ, ਅਗਲਾ ਸਵਾਲ ਸਰਦਾਰ ਗੁਰਚਰਨ ਸਿੰਘ ਬੋਪਾਰਾਏ ਜੀ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਇਹ ਜਿਹੜਾ ਮਾਮਲਾ ਹੈ, ਮੈਂ ਸਮਝਦੀ ਹਾਂ ਕਿ ਇਹ ਬੜਾ ਗੰਭੀਰ ਮਾਮਲਾ ਹੈ, ਉਲਝਣ ਵਾਲਾ ਹੈ ਅਤੇ ਸਾਰਿਆਂ ਦੀ ਲੋੜ ਵਾਲਾ ਹੈ। ਡਿਪਟੀ ਸੀ.ਐਮ.ਸਾਹਿਬ ਬੈਠੇ ਹਨ, ਜੇ ਕੋਈ ਸਮੱਸਿਆ ਆਉਂਦੀ ਹੈ ਅਤੇ ਉਸ ਵਿੱਚ ਮਜਬੂਰੀਆਂ ਕਾਰਨ ਆਪਣੇ ਕੰਮ ਅਟਕਦੇ ਹਨ ਤਾਂ ਡਿਪਟੀ ਸੀ.ਐਮ.ਸਾਹਿਬ ਐਸ਼ਿਓਰ ਕਰ ਦੇਣ ਕਿ ਜਿਹੜੇ ਅਫਸਰ ਇਸ ਤਰ੍ਹਾਂ ਦੇ ਕੰਮ ਨਹੀਂ ਕਰਨਗੇ ਅਸੀਂ ਉਨ੍ਹਾਂ ਉਤੇ ਅਸੀਂ ਕਾਰਵਾਈ ਕਰਾਂਗੇ, ਉਨ੍ਹਾਂ ਨੂੰ ਬਦਲਾਂਗੇ । ਡਿਪਟੀ ਸੀ.ਐਮ.ਸਾਹਿਬ ਬੈਠੇ ਹਨ, ਇਹ ਕਹਿ ਦੇਣ। ਜੇ ਕੋਈ ਅਜਿਹਾ ਮਾਮਲਾ ਆਉਂਦਾ ਹੈ ਤਾਂ ਤੁਸੀਂ ਸੁਲਝਾਉਣ ਲਈ ਬੈਠੇ ਹੋ। ਤੁਸੀਂ ਕਹਿ ਦਿਓ ਕਿ ਅਸੀਂ ਮਾਮਲਾ ਸੁਲਝਾ ਲਵਾਂਗੇ ਜਾਂ ਫਿਰ ਕੀ ਤੁਹਾਡੇ ਵੀ ਵੱਸ ਵਿੱਚ ਨਹੀਂ ਹੈ?

**ਮਾਨਯੋਗ ਸਪੀਕਰ:** ਬੀਬੀ ਜੀ, ਬ;ਕ੍ਤਕ ਤਜਵ ਦਰਮਅ। ਹਾਂ ਜੀ, ਸਰਦਾਰ ਗੁਰਚਰਨ ਸਿੰਘ ਬੋਪਾਰਾਏ ਜੀ।

-----

## ਪਿੰਡ ਹਲਵਾਰਾ ਵਿੱਚ ਗਲੀਆਂ ਨਾਲੀਆਂ ਪੱਕਾ ਕਰਨਾ

*2439. **ਸਰਦਾਰ ਗੁਰਚਰਨ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡ ਹਲਵਾਰਾ (ਬਲਾਕ ਸਿਧਾਰ) ਵਿਖੇ ਅਨੁਸੂਚਿਤ ਜਾਤੀ ਬਸਤੀਆਂ ਸੌਂਮ ਵੇਹੜਾ ਅਤੇ ਢਾਹ ਵੇਹੜਾ ਦੀਆਂ ਗਲੀਆਂ/ਨਾਲੀਆਂ ਨੂੰ ਪਹਿਲ ਦੇ ਅਧਾਰ ਤੇ ਪੱਕਾ ਕਰਨ ਦਾ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਪਿੰਡ ਹਲਵਾਰਾ ਦੀਆਂ ਸੌਂਮ ਵੇਹੜਾ ਅਤੇ ਢਾਹ ਵੇਹੜਾ ਦੀਆਂ ਤਕਰੀਬਨ 750 ਫੁੱਟ ਗਲੀਆਂ/ਨਾਲੀਆਂ ਕੱਚੀਆਂ ਹਨ ਜਿਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਜਲਦੀ ਹੀ ਪੱਕਾ ਕਰਵਾ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਹਾਂ ਜੀ, ਬੋਪਾਰਾਏ ਜੀ, ਕੰਮ ਤਾਂ ਤੁਹਾਡਾ ਹੋ ਗਿਆ ਹੈ।

**ਸਰਦਾਰ ਗੁਰਚਰਨ ਸਿੰਘ :** ਸਪੀਕਰ ਸਾਹਿਬ, ਚਲੋ ਇਹ ਗਲੀਆਂ

ਨਾਲੀਆਂ ਤਾਂ ਪੱਕੀਆਂ ਕਰ ਦੇਣਗੇ ਪਰ ਉਸ ਪਿੰਡ ਦੀ ਅਬਾਦੀ ਕਰੀਬ ਦਸ ਹਜ਼ਾਰ ਦੇ ਕਰੀਬ ਹੈ, ਉਸ ਦੇ ਨਾਲ ਹੋਰ ਵੀ ..

**ਮਾਨਯੋਗ ਸਪੀਕਰ :** ਤੁਹਾਡੀ ਗੱਲ ਸੁਣਾਈ ਨਹੀਂ ਦੇ ਰਿਹੀ, ਤੁਸੀਂ ਮਾਈਕ ਦੇ ਨੇੜੇ ਹੋ ਜਾਉ।

**ਸਰਦਾਰ ਗੁਰਚਰਨ ਸਿੰਘ :** ਕਰਤਾਰੇ ਵਾਲੀ, ਇੱਕ ਸਰਕਾਰੀ ਕਾਲੋਨੀ ਹੈ। ਉਥੇ ਇਨ੍ਹਾਂ ਸਾਰਿਆਂ ਦੇ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਹੈ । ਜਿਹੜਾ ਸਾਰਾ ਪਾਣੀ ਹੈ ਉਹ ਪਿੰਡ ਦੇ ਆਲੇ-ਦੁਆਲੇ ਤੁਰਿਆ ਫਿਰਦਾ ਹੈ, ਛੱਪੜਾਂ ਵਿਚ ਜਮ੍ਹਾਂ ਹੋ ਜਾਂਦਾ ਹੈ ਤੇ ਜਦੋਂ ਮੀਂਹ ਪੈਂਦਾ ਹੈ ਤਾਂ ਉਹ ਸਾਰਾ ਪਾਣੀ ਲੋਕਾਂ ਦੇ ਘਰਾਂ ਵਿੱਚ ਵੜਦਾ ਹੈ। ਉਸ ਦੇ ਨਾਲ ਹਲਵਾਰੇ ਪਿੰਡ ਦੀ ਇੱਕ ਸੇਮ ਨਾਲੇ ਦੀ ਪ੍ਰਾਬਲਮ ਹੈ, ਇਸ ਬਾਰੇ ਪਲੀਜ਼ ਮੰਤਰੀ ਸਾਹਿਬ ਆਸ਼ਵਾਸਨ ਦੇਣ ਅਤੇ ਦੂਜਾ ਇਹ ਗਲੀਆਂ ਨਾਲੀਆਂ ਜਲਦੀ ਪੱਕੀਆਂ ਕਰਵਾ ਦੇਣ। ਦੂਸਰਾ ਜਿਹੜਾ ਪਾਣੀ ਹੈ ਉਸ ਨੂੰ ਸੇਮ ਨਾਲੇ ਦੇ ਵਿੱਚ ਪਾ ਦੇਣ ਤਾਂ ਜੋ ਪਿੰਡ ਦਾ ਭਲਾ ਹੋ ਸਕੇ, ਨਹੀਂ ਤਾਂ ਉਥੇ ਕੋਈ ਭਿਆਨਕ ਬਿਮਾਰੀ ਵੀ ਹੋ ਸਕਦੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਮਲੂਕਾ ਜੀ, ਕੀ ਕੋਈ ਆਪਾਂ ਇਸ ਤਰ੍ਹਾਂ ਕਰ ਸਕਦੇ ਹਾਂ?

**ਮੰਤਰੀ :** ਸਪੀਕਰ ਸਾਹਿਬ, ਸੇਮ ਨਾਲੇ ਵਾਲੀ ਜਿਹੜੀ ਪ੍ਰਾਬਲਮ ਹੈ ਉਹ ਇਸ ਕਰਕੇ ਹੈ ਕਿ ਜਿਹੜਾ ਪ੍ਰਦੂਸ਼ਣ ਬੋਰਡ ਹੈ ਉਹ ਸੇਮ ਨਾਲੇ ਵਿਚ ਪਾਣੀ ਨਹੀਂ ਪਾਉਣ ਦਿੰਦਾ । ਇਹ ਪ੍ਰਾਬਲਮ ਇਕੱਲੀ ਇਸ ਪਿੰਡ ਦੀ ਨਹੀਂ ਹੈ, ਸਾਰੇ ਪਿੰਡਾਂ ਦੀ ਪ੍ਰਾਬਲਮ ਚੱਲ ਰਹੀ ਹੈ, ਬਾਕੀ ਪੰਜਾਬ ਦੇ ਪਿੰਡਾਂ ਦੀ ਗੰਦੇ ਪਾਣੀ ਦੇ ਨਿਕਾਸ ਦੀ ਪ੍ਰਾਬਲਮ ਹੈ ਇਸ ਦਾ ਹੋਰ ਸਿਸਟਮ ਬਣਾਉਣਾ ਪੈਣਾ ਹੈ। ਪਰ ਇਸ ਪਿੰਡ ਲਈ ਜਿਹੜਾ ਗਲੀਆਂ ਨਾਲੀਆਂ ਲਈ ਪੈਸਾ ਹੈ, ਉਹ ਵੀਹ ਲੱਖ ਰੁਪਏ ਗਰਾਂਟ ਇਸ ਪਿੰਡ ਦੀ ਮਨਜ਼ੂਰ ਹੋਈ ਹੈ। ਇਹ ਦਿਨਾਂ ਵਿਚ ਹੀ ਮਿਲ ਜਾਣੀ ਹੈ, ਕੁਝ ਤਾਂ ਚਲੀ ਗਈ ਹੈ, ਬਾਕੀ ਵੀ ਜਿਉਂ ਜਿਉਂ ਇਹ ਖਰਚ ਕਰ ਲੈਣਗੇ, ਪੰਚਾਇਤ ਦੀ ਹਿੰਮਤ ਹੈ, ਜੇ ਕੋਈ ਹੋਰ ਲੋੜ ਹੋਈ ਤਾਂ ਹੋਰ ਵੀ ਦੇ ਦਿਆਂਗੇ।

**ਮਾਨਯੋਗ ਸਪੀਕਰ:** ਧੰਨਵਾਦ । ਹਾਂ ਜੀ, ਸਰਦਾਰ ਹਰਦਿਆਲ ਸਿੰਘ ਕੰਬੋਜ।

----

## ਕਸਬਾ ਬਨੂੜ ਵਿੱਚ ਟਿਊਬਵੈੱਲ ਲਗਾਉਣੇ

***2352. ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕਸਬਾ ਬਨੂੜ, ਹਲਕਾ ਰਾਜਪੁਰਾ ਵਿਖੇ ਸਾਫ ਪਾਣੀ ਦੀ ਸਪਲਾਈ ਲਈ ਕੁੱਲ ਕਿੰਨੇ ਟਿਊਬਵੈਲ ਚਾਲੂ ਹਾਲਤ ਵਿੱਚ ਹਨ;

(ਅ) ਕੀ ਕਸਬੇ ਦੇ ਸਾਰੇ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ; ਜੇਕਰ ਨਹੀਂ ਤਾਂ ਕੀ ਲੋਕਾਂ ਦੀ ਪਰੇਸ਼ਾਨੀ ਦੇ ਮੱਦੇਨਜ਼ਰ ਹੋਰ ਟਿਊਬਵੈੱਲ ਲਗਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਟਿਊਬਵੈਲ ਕਦੋਂ ਤੱਕ ਲਗਾ ਦਿੱਤੇ ਜਾਣਗੇ?

**ਸ਼੍ਰੀ ਅਨਿਲ ਜੋਸ਼ੀ :** (ੳ) ਬਨੂੜ ਵਿਖੇ ਸਾਫ ਪਾਣੀ ਦੀ ਸਪਲਾਈ ਲਈ 11 ਟਿਊਬਵੈਲ ਚਾਲੂ ਹਾਲਤ ਵਿੱਚ ਹਨ।

(ਅ) ਨਗਰ ਕੌਂਸਲ ਦੀ ਹਦੂਦ ਅੰਦਰ ਪੈਂਦੇ ਖੇਤਰ ਫੌਜੀ ਕਲੋਨੀ ਅਤੇ ਸਟੇਡੀਅਮ ਦੇ ਨੇੜੇ ਦੇ ਕੁਝ ਖੇਤਰ ਵਿੱਚ ਸਾਫ ਪਾਣੀ ਦੀ ਵਿਵਸਥਾ ਨਹੀਂ ਹੈ। ਇਸ ਲਈ ਅਰਬਨ ਮਿਸ਼ਨ ਸਕੀਮ ਤਹਿਤ 4 ਨਵੇਂ ਟਿਊਬਵੈੱਲ ਲਗਾਉਣ ਦੀ ਵਿਵਸਥਾ ਹੈ, ਜਿਸ ਦੇ ਫੰਡ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਬੋਰਡ ਵੱਲੋਂ ਦਿੱਤੇ ਜਾਣਗੇ। ਇਹ ਟਿਊਬਵੈਲ ਮਈ, 2016 ਤੱਕ ਚਾਲੂ ਹੋਣ ਦੀ ਸੰਭਾਵਨਾ ਹੈ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਵੈਸੇ ਤਾਂ ਮੰਤਰੀ ਸਾਹਿਬ ਦਾ ਧੰਨਵਾਦ ਕਿ ਉਨ੍ਹਾਂ ਨੇ ਚਾਰ ਟਿਊਬਵੈਲ ਲਗਾਉਣ ਲਈ ਕਿਹਾ ਹੈ ਪਰੰਤੂ ਮੈਂ ਤੁਹਾਡੇ ਰਾਹੀਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਰਚ ਦਾ ਮਹੀਨਾ ਲੰਘ ਗਿਆ ਹੈ ਅਤੇ ਅੱਗੇ ਗਰਮੀ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਹਾਲੇ ਤੱਕ ਇਸ ਵਾਸਤੇ ਕੋਈ ਫੰਡਜ਼ ਨਹੀਂ ਆਏ, How is it possible ਕਿ ਮਈ ਵਿੱਚ ਇਹ ਟਿਊਬਵੈਲ ਚਲਾਏ ਜਾਣਗੇ? ਦੂਜੀ ਗੱਲ, ਦੋ ਥਾਵਾਂ ਤਾਂ ਇਨ੍ਹਾਂ ਨੇ ਦੱਸ ਦਿੱਤੀਆਂ ਪਰ ਬਾਕੀ ਟਿਊਬਵੈਲ ਕਿੱਥੇ ਲੱਗਣੇ ਹਨ ਉਨ੍ਹਾਂ ਦਾ ਵੀ ਜ਼ਰੂਰ ਦੱਸਿਆ ਜਾਵੇ ਕਿਉਂਕਿ ਉਥੇ ਇਕ ਦਲਿਤ ਬਸਤੀ ਹੈ, ਜਿਸ ਵਿੱਚ ਬਾਜ਼ੀਗਰ ਭਾਈਚਾਰੇ ਦੇ ਬਹੁਤ ਲੋਕ ਰਹਿੰਦੇ ਹਨ। ਉਨ੍ਹਾਂ ਨੂੰ ਪਾਣੀ ਦੀ ਕੋਈ ਸਹੂਲਤ ਨਹੀਂ ਹੈ। ਤੇਪਲਾ ਰੋਡ ਤੇ ਖਟੀਕ ਲੋਕ ਵਸਦੇ ਹਨ, ਉਨ੍ਹਾਂ ਨੂੰ ਪਾਣੀ ਦੀ ਬੜੀ ਪ੍ਰਾਬਲਮ ਹੈ। ਕੀ ਬਾਕੀ ਦੇ ਟਿਊਬਵੈਲ ਵੀ ਉਨ੍ਹਾਂ ਥਾਵਾਂ ਤੇ ਲਗਾਏ ਜਾਣਗੇ ਅਤੇ ਇਸ ਵਾਸਤੇ

ਫੰਡਜ਼ ਕਦੋਂ ਤੱਕ ਆ ਜਾਣਗੇ? ਮੰਤਰੀ ਜੀ ਇਸ ਵਾਸਤੇ ਟਾਈਮ ਬਾਊਂਡ ਦੱਸ ਦੇਣ?

**ਮੰਤਰੀ :** ਸਪੀਕਰ ਸਾਹਿਬ, ਇਹ ਚਾਰ ਟਿਊਬਵੈੱਲ ਇਕ ਬਨੂੜ ਸਟੇਡੀਅਮ, ਇੱਕ ਫੌਜੀ ਕਲੋਨੀ, ਇੱਕ ਪੁਰਾਣਾ ਪੁਲਿਸ ਸਟੇਸ਼ਨ ਤੇਪਲਾ ਰੋਡ ਅਤੇ ਇੱਕ ਬਸੀ ਹਵੇਲੀ ਵਿੱਚ ਲਗਾਉਣੇ ਹਨ। ਇਸ ਵਾਸਤੇ ਪੈਸੇ ਇਮੀਜੀਏਟਲੀ ਪਹੁੰਚ ਰਹੇ ਹਨ। ਇਸ ਦੇ ਟੈਂਡਰ ਲੱਗ ਜਾਣਗੇ ਅਤੇ ਮੈਂ ਕਿਹਾ ਹੈ ਕਿ 30 ਮਈ ਤੱਕ ਟਿਊਬਵੈੱਲ ਚਾਲੂ ਕਰ ਦਿੱਤੇ ਜਾਣਗੇ।

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ, ਸਰਦਾਰ ਦਰਸ਼ਨ ਸਿੰਘ ਕੋਟਫੱਤਾ।

-----

## ਬਠਿੰਡਾ ਬਰਾਂਚ ਨਹਿਰ ਵਿੱਚੋਂ ਨਿਕਲਦਾ ਢਪਾਲੀ ਰਜਬਾਹਾ ਨਵਾਂ ਬਣਾਉਣਾ

***2454. ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਕੀ ਸਿੰਜਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਬਠਿੰਡਾ ਬਰਾਂਚ ਨਹਿਰ ਵਿੱਚ ਟੱਲੇਵਾਲਾ ਕੋਲੋਂ ਨਿਕਲਦਾ ਢਪਾਲੀ ਰਜਬਾਹਾ ਬੁਰਜ ਗਿੱਲ ਤੋਂ ਦਿਆਲਪੁਰੇ ਤੱਕ ਕੱਚਾ ਅਤੇ ਤੰਗ ਹੋਣ ਕਰਕੇ ਨਵਾਂ ਬਣਾਉਣ ਵਾਲਾ ਹੈ ਅਤੇ ਇਸ ਦੀਆਂ ਅੱਗੇ ਦੋ ਟੇਲਾਂ ਬਣਦੀਆਂ ਹਨ ਜੋ ਨਥਾਣਾ ਅਤੇ ਗਿੱਦੜ ਅਤੇ ਇਸ ਤੋਂ ਬਾਅਦ ਨਾਥਪੁਰਾ, ਗਿੱਦੜ, ਨਥਾਣਾ, ਬੁਰਜ ਡੱਲਾ ਬੱਜੋਆਣਾ ਸੱਦਾ, ਕਲਿਆਣ ਮੱਲਕਾ, ਕਲਿਆਣ ਸੁੱਖਾ, ਭੈਣੀ ਆਦਿ ਪਿੰਡ ਦੇ ਖੇਤਾਂ ਦੀ ਸਿੰਜਾਈ ਕਰਦੀਆਂ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਇਨ੍ਹਾਂ ਟੇਲਾਂ ਤੇ ਪਾਣੀ ਪੂਰਾ ਨਹੀਂ ਪਹੁੰਚਦਾ ਅਤੇ ਜਦੋਂ ਪਾਣੀ ਪੂਰਾ ਛੱਡਿਆ ਜਾਂਦਾ ਹੈ ਤਾਂ ਇਹ ਢਪਾਲੀ ਰਜਬਾਹਾ ਬੁਰਜ ਗਿੱਲ ਕੋਲ ਟੁੱਟ ਜਾਂਦਾ ਹੈ ਅਤੇ ਇਸ ਤਰ੍ਹਾਂ ਇਨ੍ਹਾਂ ਪਿੰਡਾਂ ਦੇ ਖੇਤਾਂ ਦੀ ਸਿੰਜਾਈ ਕਰਨ ਵਿੱਚ ਬਹੁਤ ਸਮੱਸਿਆ ਆਉਂਦੀ ਹੈ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਬੁਰਜ ਗਿੱਲ ਤੋਂ ਦਿਆਲਪੁਰਾ ਤੱਕ ਨਵਾਂ ਪੱਕਾ ਰਜਬਾਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** (ੳ) ਹਾਂ ਜੀ।

(ਅ) ਹਾਂ ਜੀ।

(ੲ) ਢਿਪਾਲੀ ਰਜਬਾਹਾ ਸਿਸਟਮ ਦੀ ਮੁੜ ਉਸਾਰੀ ਲਈ ਪ੍ਰੋਜੈਕਟ ਜਿਸ ਦੀ ਅੰਦਾਜ਼ਨ ਲਾਗਤ 35.00 ਕਰੋੜ ਰੁਪਏ ਬਣਦੀ ਹੈ, ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਰਿਹਾ ਹੈ। ਫੰਡਾਂ ਦੀ ਉਪਲਬਧਤਾ ਹੋਣ ਤੇ ਇਹ ਕੰਮ ਕਰਵਾਇਆ ਜਾਵੇਗਾ ਜੀ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਸਪੀਕਰ ਸਾਹਿਬ, ਫੰਡਾਂ ਵਾਸਤੇ ਤਾਂ ਸਾਨੂੰ ਹਾਲੇ ਉਡੀਕਣਾ ਪਵੇਗਾ। ਇਹ ਕੱਸੀ 150 ਕਿਊਸਕ ਪਾਣੀ ਵਾਸਤੇ ਡਿਜ਼ਾਇਨ ਕੀਤੀ ਹੋਈ ਹੈ ਪਰ ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਵਿੱਚ ਅਕਸਰ 50 ਕਿਊਸਕ ਪਾਣੀ ਛੱਡਿਆ ਜਾਂਦਾ ਹੈ ਜਦ ਕਿ ਇਹ 6-7 ਪਿੰਡਾਂ ਨੂੰ ਫੀਡ ਕਰਦੀ ਹੈ। ਮੇਰੇ ਕਹਿਣ ਦਾ ਭਾਵ ਕਿ ਇਸ ਵਿਚ ਤੀਸਰਾ ਹਿੱਸਾ ਪਾਣੀ ਦਾ ਆਉਂਦਾ ਹੈ। 0 ਬੁਰਜੀ ਤੋਂ ਲੈ ਕੇ 56 ਬੁਰਜੀ ਤੱਕ ਬਹੁਤ ਪੁਰਾਣੀਆਂ ਹੋ ਚੁੱਕੀਆਂ ਹਨ। ਜਦੋਂ ਪਾਣੀ ਛੱਡਿਆ ਜਾਂਦਾ ਹੈ ਤਾਂ ਇਹ ਟੁੱਟ ਜਾਂਦੀਆਂ ਹਨ। ਮੰਤਰੀ ਜੀ ਉਤਨੀ ਦੇਰ ਤੱਕ ਅਜਿਹਾ ਪ੍ਰਬੰਧ ਕਰ ਦੇਣ ਤਾਂ ਕਿ ਜਿਹੜੀਆਂ 0-56 ਬੁਰਜੀਆਂ ਹਨ, ਉਨ੍ਹਾਂ ਦਾ ਕੋਈ ਸਮਾਧਾਨ ਕੀਤਾ ਜਾ ਸਕੇ। ਕੀ ਅਜਿਹਾ ਕੋਈ ਵਿਚਾਰ ਹੈ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਇਹ ਸਾਰਾ ਸਰਵੇ ਕਰਵਾ ਲੈਂਦੇ ਹਾਂ ਅਗਰ ਕੋਈ ਫੰਡ ਆਉਣ ਤੋਂ ਪਹਿਲਾਂ ਇਸ ਜਗ੍ਹਾ ਦਾ ਕੋਈ ਟੈਂਪਰੇਰੀ ਮੁਰੰਮਤ ਕਰਕੇ ਕੋਈ ਹੱਲ ਹੋ ਸਕਦਾ ਹੈ ਤਾਂ ਉਹ ਜ਼ਰੂਰ ਕਰਨ ਦੀ ਕੋਸ਼ਿਸ਼ ਕਰਾਂਗੇ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਸਪੀਕਰ ਸਾਹਿਬ, ਇਹ ਮੇਰੇ ਨਾਲ ਵੀ ਰਿਲੇਟਿਡ ਹੈ ਕਿਉਂਕਿ ਅੱਧਾ ਸੂਆ ਮੇਰੇ ਹਲਕੇ ਵਿੱਚ ਪੈਂਦਾ ਹੈ। ਡਿਪਟੀ ਸੀ.ਐਮ. ਸਾਹਿਬ ਬੈਠੇ ਹਨ, ਇਸ ਦੀ ਹਾਲਤ ਬੜੀ ਮਾੜੀ ਹੈ। ਅੱਧਾ ਮੇਰੇ ਹਲਕੇ ਵਿੱਚ ਪੈਂਦਾ ਹੈ, ਫੇਰ ਇਹ ਨਥਾਣੇ ਵਿੱਚ ਜਾਂਦਾ ਹੈ, ਅੱਗੇ ਭੁੱਚੋ ਹਲਕੇ ਵਿੱਚ ਜਿਹੜਾ ਨਵਾਂ ਬਣਿਆ ਹੈ, ਉਸ ਵਿੱਚ ਪੈਂਦਾ ਹੈ। ਇਸ ਵਿੱਚ ਕਦੇ ਪਾਣੀ ਪੂਰਾ ਨਹੀਂ ਹੋ ਸਕਦਾ। ਸੋ, ਇਸ ਵਾਸਤੇ ਮੰਤਰੀ ਜੀ ਜ਼ਰੂਰ ਐਨਸ਼ਿਓਰ ਕਰਨ ਕਿ ਇਹ ਜਿਹੜਾ ਸੂਆ ਹੈ, ਇਹ ਠੀਕ ਕਰਕੇ ਬਣਾ ਦਿੱਤਾ ਜਾਵੇਗਾ, ਵਰਨਾ ਇਸ ਵਿੱਚ ਪਾਣੀ ਕਦੇ ਪੂਰਾ ਨਹੀਂ ਹੋਵੇਗਾ। ਇਸ ਦਾ ਟੈਂਪਰੇਰੀ ਅਰੇਂਜਮੈਂਟ ਕੋਈ ਨਹੀਂ ਹੋ ਸਕਦਾ। ਇਹ ਬਣਾਉਣਾ ਹੀ ਪਵੇਗਾ। ਵਜ਼ੀਰ ਸਾਹਿਬ ਜਿਵੇਂ

ਮਰਜ਼ੀ ਇਸ ਦਾ ਕੋਈ ਹੱਲ ਕੱਢਣ। ਫੰਡਾਂ ਨਾਲ ਇਸ ਨੂੰ ਬਣਾਇਆ ਜਾਵੇ ਕਿਉਂਕਿ ਦੋਵਾਂ ਹਲਕਿਆਂ ਦੀ ਇਹ ਸਮੱਸਿਆ ਹੈ।

**ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਸਪੀਕਰ ਸਾਹਿਬ, 0 ਬੁਰਜੀ ਤੋਂ 56 ਬੁਰਜੀ ਬੜੇ ਅਰਾਮ ਨਾਲ ਬਣਾਈ ਜਾ ਸਕਦੀ ਹੈ, ਕੋਈ ਅਜਿਹੀ ਗੱਲ ਨਹੀਂ ਕਿਉਂਕਿ 35.00 ਕਰੋੜ ਰੁਪਿਆ ਆਉਂਦਿਆਂ ਟਾਈਮ ਲੱਗ ਜਾਣਾ ਹੈ। ਉਥੇ ਲੋਕਾਂ ਦਾ ਨੁਕਸਾਨ ਬਹੁਤ ਹੋ ਰਿਹਾ ਹੈ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ:** ਮੰਤਰੀ ਜੀ ਇਸ ਦਾ ਜਵਾਬ ਦੇ ਦੇਣ।

**ਸ਼੍ਰੀਮਤੀ ਹਰਚੰਦ ਕੌਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਟੱਲੇਵਾਲਾ ਦੀ ਇਨ੍ਹਾਂ ਨੇ ਗੱਲ ਕੀਤੀ ਹੈ....

**ਮਾਨਯੋਗ ਸਪੀਕਰ :** ਕੀ ਤੁਹਾਡੇ ਸਵਾਲ ਦਾ ਉਸ ਨਾਲ ਕਨਸਰਨ ਹੈ?

**ਸ਼੍ਰੀਮਤੀ ਹਰਚੰਦ ਕੌਰ :** ਹਾਂ ਜੀ। ਤਿੰਨ ਸਾਲ ਹੋ ਗਏ, ਉਥੇ ਬਹੁਤ ਬੁਰਾ ਹਾਲ ਹੈ। ਦਰਿਆ ਉਤੇ ਜਿਹੜਾ ਪੁਲ ਸੀ, ਉਹ ਖਤਮ ਹੋ ਗਿਆ ਹੈ। ਲੋਕ ਇਧਰੋਂ-ਉਧਰੋਂ ਹੋ ਕੇ ਲੰਘਦੇ ਹਨ। ਮੈਂ ਮੰਤਰੀ ਜੀ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਹ ਉਥੇ ਵੀ ਜ਼ਰੂਰ ਧਿਆਨ ਦੇਣ। ਇਹ ਕਈ ਵਾਰ ਕਹਿ ਕੇ ਵੀ ਆਏ ਹਨ ਕਿ ਅਸੀਂ ਇਹ ਪੁਲ ਬਣਾਵਾਂਗੇ। ਇਨ੍ਹਾਂ ਦੇ ਰਿਸ਼ਤੇਦਾਰ ਹਨ ਅਤੇ ਕਈ ਵਾਰ ਉਥੇ ਜਾ ਕੇ ਆਏ ਹਨ ਅਤੇ ਕਿਹਾ ਹੈ ਕਿ ਅਸੀਂ ਕਰਾਂਗੇ। ਸੋ, ਜਿਹੜਾ ਟੱਲੇਵਾਲਾ ਦਾ ਪੁਲ ਹੈ ਇਸ ਵੱਲ ਜ਼ਰੂਰ ਧਿਆਨ ਦੇਣ।

**ਮਾਨਯੋਗ ਸਪੀਕਰ :** ਇਹ ਇਕੱਠਾ ਹੀ ਜਵਾਬ ਦੇ ਦੇਣਗੇ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਿਹੜੀ ਐਡਵਰਟਾਈਜ਼ ਲਗਾਉਂਦੇ ਹਨ ਕਿ ਡਿਵੈਲਪਮੈਂਟ ਦੀ ਹਨੇਰੀ ਲਿਆਂਦੀ ਹੈ, ਉਹ ਐਡ ਲਗਾਉਣ ਦੀ ਬਜਾਏ ਇੱਧਰ ਪੈਸਾ ਲਗਾ ਦੇਣ। ਇੱਥੇ ਮੰਤਰੀ ਸਵਾਲ ਪੁੱਛੀ ਜਾਂਦੇ ਹਨ, ਇਹ ਹਾਲ ਥੋੜ੍ਹਾ ਹੁੰਦਾ ਹੈ। ਮੰਤਰੀਆਂ ਦਾ ਇਹ ਹਾਲ ਨਹੀਂ ਹੁੰਦਾ। ਡਿਵੈਲਪਮੈਂਟ ਬਾਰੇ ਗਵਰਨਰ ਸਾਹਿਬ ਐਡਰੈਸ ਵਿੱਚ ਕਹਿ ਕੇ ਗਏ ਹਨ ਪਰ ਤੁਹਾਡੇ ਸਾਹਮਣੇ ਹੀ ਹੈ, ਕੱਚਾ ਚਿੱਠਾ ਖੁਲ੍ਹਿਆ ਪਿਆ ਹੈ।

**ਸਿੰਚਾਈ ਮੰਤਰੀ:** ਸਪੀਕਰ ਸਾਹਿਬ, ਅਸੀਂ ਤਾਂ ਬੜੀ ਤੇਜ਼ੀ ਨਾਲ ਸਾਰਾ ਸਰਵੇ ਕੀਤਾ ਹੈ ਅਤੇ 35 ਕਰੋੜ ਰੁਪਏ ਦਾ ਪ੍ਰੋਜੈਕਟ ਤਿਆਰ ਕੀਤਾ ਹੈ

[ ਸਿੰਚਾਈ ਮੰਤਰੀ ]

ਅਤੇ ਬਾਦਲ ਸਾਹਿਬ ਆਪ ਵੀ ਇਸ ਬਾਰੇ ਚਿੰਤਤ ਹਨ। ਮੈਂ ਤਾਂ ਆਪ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਜੇ 35 ਕਰੋੜ ਰੁਪਏ ਆਉਣ ਵਿੱਚ ਥੋੜ੍ਹੀ ਬਹੁਤੀ ਦੇਰੀ ਹੋਈ ਤਾਂ ਅਸੀਂ ਇਸ ਸਬੰਧੀ ਟੈਂਪਰੇਰੀ ਹੱਲ ਕਰਾਂਗੇ, ਚਾਹੇ ਇਹ ਮਲੂਕਾ ਸਾਹਿਬ ਦੇ ਏਰੀਏ ਵਿੱਚ ਆਉਂਦਾ ਹੋਵੇ, ਚਾਹੇ ਬੀਬੀ ਜੀ ਦਾ ਏਰੀਆ ਹੋਵੇ ਅਤੇ ਚਾਹੇ ਕੋਟਫੱਤਾ ਜੀ ਦਾ ਏਰੀਆ ਹੋਵੇ। ਇਸ ਦਾ ਟੈਂਪਰੇਰੀ ਹੱਲ ਕਰਨ ਵਾਸਤੇ ਮੀਟਿੰਗ ਕਰਕੇ ਛੇਤੀ ਹੱਲ ਕਰ ਦੇਵਾਂਗੇ।

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ ਟੈਂਪਰੇਰੀ ਹੱਲ ਹੋ ਹੀ ਨਹੀਂ ਸਕਦਾ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਡਿਪਟੀ ਸੀ.ਐਮ. ਸਾਹਿਬ ਇੱਥੇ ਬੈਠੇ ਹਨ। ਇਸ ਵਾਸਤੇ ਅਸੀਂ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਇਸ ਸਬੰਧ ਵਿੱਚ ਫੰਡਾਂ ਦਾ ਇੰਤਜ਼ਾਮ ਕਰਨ ਸਬੰਧੀ ਕੁਝ ਨਾ ਕੁਝ ਛੇਤੀ ਕਰ ਦੇਣਗੇ। ਜੇ ਕੁਝ ਇਸ ਦਾ ਹੱਲ ਹੋ ਜਾਵੇ ਕਿਉਂਕਿ ਇਹ ਉਸ ਸੂਏ ਦੀ ਬੜੀ ਗੰਭੀਰ ਸਮੱਸਿਆ ਹੈ।

**ਮਾਨਯੋਗ ਸਪੀਕਰ :** ਇਹ ਤਿੰਨ ਚਾਰ ਹਲਕਿਆਂ ਦੀ ਸਮੱਸਿਆ ਹੈ। ਅਗਲਾ ਸਵਾਲ। ਸਰਦਾਰ ਚਰਨਜੀਤ ਸਿੰਘ ਚੰਨੀ ਜੀ।

------

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰਾਂ/ ਪ੍ਰਿੰਸੀਪਲ ਦੀਆਂ ਖਾਲੀ ਅਸਾਮੀਆਂ

***2370. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰਾਂ ਅਤੇ ਪ੍ਰਿੰਸੀਪਲ ਦੀਆਂ ਖਾਲੀ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ?

(ਅ) ਉਪਰੋਕਤ ਸਕੂਲਾਂ ਵਿੱਚ ਮੌਜੂਦਾ ਸਮੇਂ ਆਰਜ਼ੀ/ਠੇਕੇ ਤੇ ਕੰਮ ਕਰ ਰਹੇ ਲੈਕਚਰਾਰਾਂ ਅਤੇ ਪ੍ਰਿੰਸੀਪਲਾਂ ਦੀ ਗਿਣਤੀ ਕਿੰਨੀ–ਕਿੰਨੀ ਹੈ?

(ੲ) ਰਾਜ ਵਿੱਚ ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿੱਥੇ ਸਾਇੰਸ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ?

**ਡਾਕਟਰ ਦਲਜੀਤ ਸਿੰਘ ਚੀਮਾ :** (ੳ) ਪੰਜਾਬ ਰਾਜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 3156 ਲੈਕਚਰਾਰਾਂ ਅਤੇ 453 ਪ੍ਰਿੰਸੀਪਲ ਦੀਆਂ ਅਸਾਮੀਆਂ ਖਾਲੀ ਹਨ।

(ਅ) ਸਕੂਲਾਂ ਵਿੱਚ ਮੌਜੂਦਾ ਸਮੇਂ ਆਰਜ਼ੀ/ਠੇਕੇ ਤੇ 17 ਲੈਕਚਰਾਰ ਕੰਮ ਕਰ ਰਹੇ ਹਨ ਅਤੇ ਕੋਈ ਵੀ ਪ੍ਰਿੰਸੀਪਲ ਆਰਜ਼ੀ/ਠੇਕੇ ਤੇ ਨਿਯੁਕਤ ਨਹੀਂ ਹੈ।

(ੲ) ਰਾਜ ਵਿੱਚ 481 ਸਕੂਲਾਂ ਵਿੱਚ ਸਾਇੰਸ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪਹਿਲਾਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਟੋਟਲ ਕਿੰਨੇ ਸਕੂਲ ਹਨ ਜਿਨ੍ਹਾਂ ਵਿੱਚ ਇੰਨੀਆਂ ਪੋਸਟਾਂ ਖਾਲੀ ਹਨ ਅਤੇ ਦੂਸਰਾ ਜਿਹੜੇ 481 ਸਕੂਲਾਂ ਵਿੱਚ ਸਾਇੰਸ ਸਬਜੈਕਟਸ ਪੜ੍ਹਾਏ ਜਾਂਦੇ ਹਨ, ਉਨ੍ਹਾਂ ਵਿਚੋਂ ਸ਼ਹਿਰੀ ਸਕੂਲ ਕਿੰਨੇ ਹਨ ਅਤੇ ਪੇਂਡੂ ਕਿੰਨੇ ਹਨ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸ ਦੇਵਾਂ ਕਿ ਜਿਹੜੀਆਂ ਪੋਸਟਾਂ ਖਾਲੀ ਹਨ, ਇਨ੍ਹਾਂ ਵਿਚੋਂ ਸਿੱਧੀ ਭਰਤੀ ਦੀਆਂ ਸਿਰਫ 697 ਪੋਸਟਾਂ ਹਨ ਔਰ ਇਸ ਵਿਚੋਂ 650 ਪੋਸਟਾਂ ਲਈ ਐਡਵਰਟਾਈਜ਼ਮੈਂਟ ਜਾਰੀ ਕਰ ਦਿੱਤੀ ਸੀ, ਲਿਖਤੀ ਟੈਸਟ ਵੀ ਹੋ ਗਿਆ ਸੀ। ਅਸੀਂ ਇਸ ਸਬੰਧੀ ਮਹੀਨੇ ਡੇਢ ਮਹੀਨੇ ਵਿੱਚ ਪ੍ਰੋਸੈਸ ਕੰਪਲੀਟ ਕਰਕੇ ਸਿੱਧੀ ਭਰਤੀ ਦੀਆਂ ਸਾਰੀਆਂ ਅਸਾਮੀਆਂ ਲਈ ਭਰਤੀ ਕਰ ਰਹੇ ਹਾਂ। ਉਸ ਵਿਚੋਂ 2459 ਜੋ ਪੋਸਟਾਂ ਹਨ, ਉਹ ਪ੍ਰਮੋਸ਼ਨ ਕੋਟੇ ਦੀਆਂ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਜੋ ਸਵਾਲ ਪੁੱਛਿਆ ਹੈ, ਉਸ ਦਾ ਜਵਾਬ ਮੰਤਰੀ ਜੀ ਦੇਣ।

**ਮਾਨਯੋਗ ਸਪੀਕਰ :** ਪਹਿਲਾਂ ਇਨ੍ਹਾਂ ਨੂੰ ਜਵਾਬ ਦੇ ਦੇਣ ਦਿਉ।

ਮੰਤਰੀ : ਪਿੰਡਾਂ ਅਤੇ ਸ਼ਹਿਰਾਂ ਦੀ ਡਿਟੇਲ ਇਸ ਵੇਲੇ ਮੇਰੇ ਕੋਲ ਨਹੀਂ ਹੈ, ਜੇ ਚਾਹੀਦੀ ਹੈ ਤਾਂ ਮੈਨੂੰ ਇਹ ਦੱਸ ਦੇਣ, ਮੈਂ ਦੇ ਦੇਵਾਂਗਾ। ਲੇਕਿਨ ਟੋਟਲ 481 ਸਕੂਲਾਂ ਵਿੱਚ ਸਾਇੰਸ ਵਿਸ਼ੇ ਦੀ ਪੜ੍ਹਾਈ ਚੱਲ ਰਹੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ:** ਮੈਂ ਪੁੱਛਦਾ ਹਾਂ ਕਿ ਸਾਰੇ ਪੰਜਾਬ ਵਿੱਚ ਟੋਟਲ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਜੀ?

**ਮੰਤਰੀ :** ਮੈਂ ਟੋਟਲ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਪਿੰਡਾਂ ਅਤੇ ਸ਼ਹਿਰਾਂ ਦੀ ਇਨ੍ਹਾਂ ਨੂੰ ਬਾਅਦ ਵਿੱਚ ਦੇ ਦਿੰਦਾ ਹਾਂ ਜੀ। ਲੇਕਿਨ ਸਾਇੰਸ ਵਿਸ਼ਾ 481 ਸਕੂਲਾਂ ਵਿੱਚ ਪੜ੍ਹਾਇਆ ਜਾਂਦਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੇਰੀ ਬੇਨਤੀ ਹੈ ਕਿ ਅਜੇ ਤਾਂ ਮੈਂ ਸਵਾਲ ਪੁੱਛਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਰਾਜ ਵਿੱਚ 450 ਸਕੂਲਾਂ ਵਿੱਚ ਪ੍ਰਿੰਸੀਪਲ ਹੀ ਨਾ ਹੋਣ, ਜਿਸ ਰਾਜ ਦੇ ਸਕੂਲਾਂ ਵਿੱਚ 3000 ਲੈਕਚਰਾਰ ਹੀ ਨਾ ਹੋਣ ਅਤੇ ਜਿਹੜੇ ਰਾਜ ਵਿੱਚ ਕੁੱਲ ਸਕੂਲਾਂ ਦੇ ਚੌਥੇ ਹਿੱਸੇ ਵਿੱਚ ਹੀ ਸਾਇੰਸ ਪੜ੍ਹਾਈ ਜਾਂਦੀ ਹੋਵੇ ਅਤੇ ਬਾਕੀ ਸਕੂਲਾਂ ਵਿੱਚ ਸਾਇੰਸ ਵਿਸ਼ਾ ਪੜ੍ਹਾਇਆ ਹੀ ਨਾ ਜਾਂਦਾ ਹੋਵੇ, ਪਿੰਡਾਂ ਵਿੱਚ ਤਾਂ ਇਹ ਹਾਲ ਹੈ ਕਿ ਮੇਰੇ ਆਪਣੇ ਹਲਕੇ ਵਿੱਚ 16 ਸਕੂਲਾਂ ਵਿਚੋਂ ਸਿਰਫ ਦੋ ਸਕੂਲ ਹਨ ਜਿਥੇ ਸਾਇੰਸ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਪਿੰਡਾਂ ਵਿੱਚ ਸਾਇੰਸ ਪੜ੍ਹਾਈ ਹੀ ਨਹੀਂ ਜਾਣੀ ਅਤੇ ਮੈਡੀਕਲ ਦਾ ਵਿਸ਼ਾ ਪੜ੍ਹਾਇਆ ਹੀ ਨਹੀਂ ਜਾਣਾ ਤਾਂ ਸਾਡੇ ਵਿਦਿਆਰਥੀ ਡਾਕਟਰ ਅਤੇ ਇੰਜੀਨੀਅਰ ਕਿਥੋਂ ਬਣਨਗੇ? ਜੇ ਸਕੂਲਾਂ ਵਿੱਚ ਪ੍ਰਿੰਸੀਪਲ ਹੀ ਨਹੀਂ ਹਨ ਤਾਂ ਸਾਡੇ ਸਕੂਲਾਂ ਵਿੱਚ ਪੜ੍ਹਾਈ ਕਿਸ ਤਰ੍ਹਾਂ ਹੋਵੇਗੀ ਜੀ? ਜੇ ਸਾਡੇ ਸਕੂਲਾਂ ਵਿੱਚ 3000 ਲੈਕਚਰਾਰਾਂ ਦੀਆਂ ਖਾਲੀ ਪੋਸਟਾਂ ਹਨ ਔਰ ਇਹ ਅੱਜ ਤੋਂ ਹੀ ਖਾਲੀ ਨਹੀਂ ਹਨ, ਜਿਸ ਦਿਨ ਦੀ ਇਹ ਸਰਕਾਰ ਬਣੀ ਹੈ, ਇਹ ਪੋਸਟਾਂ ਉਸ ਦਿਨ ਤੋਂ ਹੀ ਭਾਵ ਸਾਲ 2012 ਤੋਂ ਖਾਲੀ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਿਰ ਸਾਨੂੰ ਪੜ੍ਹਾਈ ਕਿਸ ਤਰ੍ਹਾਂ ਆਵੇਗੀ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦੇ ਲੋਕਾਂ ਦਾ ਕਦੋਂ ਉਦਾਰ ਕਰਨਗੇ? ਕਦੋਂ ਟੀਚਰਾਂ ਦੀਆਂ ਪੋਸਟਾਂ ਭਰਨਗੇ? ਮੈਨੂੰ ਇਸ ਸਬੰਧੀ ਕੋਈ ਸਪੈਸੇਫਿਕ ਡੇਟ ਦੇ ਦੇਣ ਕਿ ਕਦੋਂ ਤੱਕ ਭਰਤੀ ਹੋ ਜਾਵੇਗੀ? ਕਿਉਂ ਗਰੀਬ ਨੂੰ ਗਰੀਬ ਹੀ ਰੱਖਿਆ ਜਾ ਰਿਹਾ ਹੈ? ਸਪੀਕਰ ਸਾਹਿਬ, ਜਿੰਨੀਆਂ ਵੀ ਪੀ.ਸੀ.ਐਸ. ਪੋਸਟਾਂ ਤੇ ਭਰਤੀਆਂ ਹੋਈਆਂ ਹਨ, ਕੋਈ ਇੱਕ ਵਿਦਿਆਰਥੀ ਵੀ ਪੰਜਾਬ ਦੇ ਪਿੰਡਾਂ ਦੇ ਸਕੂਲਾਂ ਵਿੱਚ ਪੜ੍ਹਿਆ ਹੋਇਆ ਉਨ੍ਹਾਂ ਵਿੱਚ ਨਹੀਂ ਆਇਆ।

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਉਦਯੋਗ ਤੇ ਵਣਜ, ਮਾਨਯੋਗ ਮੁੱਖ ਮੰਤਰੀ ਜੀ ਦੀ ਸੀਟ ਤੇ ਆ ਕੇ ਬੈਠ ਗਏ।)

**ਮਾਨਯੋਗ ਸਪੀਕਰ :** ਐਨ.ਕੇ. ਸ਼ਰਮਾ ਜੀ, ਤੁਸੀਂ ਮਾਨਯੋਗ ਸੀ.ਐਮ. ਸਾਹਿਬ ਦੀ ਸੀਟ ਤੇ ਨਹੀਂ ਬੈਠ ਸਕਦੇ। You can't sit here.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਿੰਨੀਆਂ ਪੀ.ਸੀ.ਐਸ. ਦੀਆਂ ਅਸਾਮੀਆਂ ਭਰੀਆਂ ਗਈਆਂ, ਉਸ ਵਿਚ ਪਿੰਡਾਂ ਦੇ ਸਕੂਲਾਂ ਦਾ ਪੜ੍ਹਿਆ ਹੋਇਆ ਕੋਈ ਵੀ ਕੈਂਡੀਡੇਟ ਨਹੀਂ ਆਇਆ। ਸਰਕਾਰੀ ਸਕੂਲਾਂ ਵਿਚ ਪੜ੍ਹੇ ਹੋਏ ਕੇਵਲ 2 ਫੀਸਦੀ ਵਿਦਿਆਰਥੀ ਹੀ ਡਾਕਟਰੀ ਸਿੱਖਿਆ ਲਈ ਜਾਂਦੇ ਹਨ ਬਾਕੀ ਸਾਰੇ ਪ੍ਰਾਈਵੇਟ ਸਕੂਲਾਂ ਵਿਚੋਂ ਜਾਂਦੇ ਹਨ। ਇਸ ਦਾ ਕੀ ਕਾਰਨ ਹੈ ਕਿਉਂਕਿ ਇਹ ਚੰਗੀ ਪੜ੍ਹਾਈ ਨਹੀਂ ਦੇ ਰਹੇ। ਚਾਹੇ ਗਰੀਬ ਕਿਸਾਨ ਹੈ, ਮਜ਼ਦੂਰ ਹੈ, ਉਨ੍ਹਾਂ ਦੀ ਬਰਬਾਦੀ ਕੀਤੀ ਜਾ ਰਹੀ ਹੈ। ਸਕੂਲਾਂ ਵਿਚ ਟੀਚਰ ਹੀ ਪੂਰੇ ਨਹੀਂ ਕੀਤੇ ਜਾ ਰਹੇ, ਪੜ੍ਹਾਈ ਦੇ ਸਾਧਨ ਹੀ ਪੂਰੇ ਨਹੀਂ ਕੀਤੇ ਜਾ ਰਹੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਐਜੂਕੇਸ਼ਨ ਦੇ ਖੇਤਰ ਵਿਚ ਇੰਨੀ ਚਿੰਤਾ ਜ਼ਾਹਿਰ ਕੀਤੀ ਹੈ ਪਰ ਮੈਂ ਇਨ੍ਹਾਂ ਨੂੰ ਇਹ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਜਦੋਂ ਤੁਹਾਡੀ ਸਰਕਾਰ ਆਈ ਸੀ..

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਹਾਡੀ ਸਰਕਾਰ ਨੂੰ 9 ਸਾਲ ਹੋ ਗਏ ਹਨ।

**ਮੰਤਰੀ :** ਤੁਸੀਂ ਸੁਣ ਲਓ, ਮੇਰੇ ਕੋਲ ਉਹ ਚਿੱਠੀ ਵੀ ਹੈ, ਜਿਸ ਵਿਚ ਤੁਹਾਡੀ ਸਰਕਾਰ ਨੇ ਐਜੂਕੇਸ਼ਨ ਖੇਤਰ ਵਿਚ 5 ਸਾਲ ਭਰਤੀ ਬੰਦ ਰੱਖੀ ਹੈ। * ਨੇ ਇਹ ਵੀ ਕਿਹਾ ਸੀ ਕਿ ਜਿਹੜੀ ਕਿਤੇ ਸਿਲੈਕਸ਼ਨ ਆਲਰੇਡੀ ਚੱਲ ਰਹੀ ਹੈ, ਉਹ ਵੀ ਰੋਕ ਲਈ ਜਾਵੇ।

**ਮਾਨਯੋਗ ਸਪੀਕਰ:** ** ਨਾਮ ਐਕਸਪੰਜ ਕਰ ਦਿੱਤਾ ਜਾਵੇ ਜੀ।

**ਮੰਤਰੀ :** ਸਾਡੀ ਇਕੋ ਇਕ ਸਰਕਾਰ ਹੈ ਜਿਥੇ ਮੁੱਖ ਮੰਤਰੀ ਸਾਹਿਬ ਨੇ ਸਾਨੂੰ ਐਜੂਕੇਸ਼ਨ ਅਤੇ ਹੈਲਥ ਖੇਤਰ ਵਿਚ ਬਲੈਂਕੇਟ ਪਰਮਿਸ਼ਨ ਦਿੱਤੀ ਹੋਈ ਹੈ ਕਿ 100 ਫੀਸਦੀ ਭਰਤੀ ਕਰ ਲਓ। ਅਸੀਂ 55 ਹਜ਼ਾਰ ਟੀਚਰ ਭਰਤੀ ਕੀਤੇ ਹਨ। 13 ਹਜ਼ਾਰ ਦੀ ਭਰਤੀ ਅੰਡਰ ਪ੍ਰਾਸੈਸ ਹੈ। ਅਗਲੇ ਸਾਲ ਤੱਕ ਵੀ ਅਸੀਂ ਰਿਟਾਇਰਮੈਂਟ ਕਾਉਂਟ ਕਰਕੇ ਨੈਕਸਟ ਫੇਜ਼ ਵਿਚ ਉਸ ਦੀ ਭਰਤੀ ਕਰਨ ਲੱਗੇ ਹਾਂ। ਇਸ ਲਈ ਜੇਕਰ ਤੁਸੀਂ ਇਕੱਲਾ ਭਾਸ਼ਣ ਹੀ ਦੇਣਾ ਹੈ। (ਵਿਘਨ...ਸ਼ੋਰ)

---

** Expunged as ordered by the Chair.

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ...

**Mr. Speaker** : Minister is on legs, you please sit down.

**ਮੰਤਰੀ :** ਤੁਹਾਡੀ ਸਰਕਾਰ ਵੇਲੇ ਸਕੂਲਾਂ ਦੀ ਕੀ ਹਾਲਤ ਸੀ। ਮੈਂ ਇਸ ਬਾਰੇ ਪੂਰਾ ਜਵਾਬ ਦੇਣ ਨੂੰ ਤਿਆਰ ਹਾਂ ਜਦੋਂ ਮਰਜ਼ੀ ਡਿਸਕਸ਼ਨ ਰੱਖ ਲਓ। ਦੂਜੀ ਗੱਲ ਹੈ ਕਿ ਪਿੰਡਾਂ ਦੇ ਬੱਚਿਆਂ ਨੂੰ ਪਰਮੋਟ ਕਰਨ ਵਾਸਤੇ ਸਾਡੀ ਸਰਕਾਰ ਨੇ 7 ਮੈਰੀਟੋਰੀਅਸ ਸਕੂਲ ਖੋਲ੍ਹੇ ਹਨ ਅਤੇ ਅਸੀਂ ਸਾਇੰਸ ਵਿਸ਼ੇ ਤੇ ਇਸੇ ਕਰਕੇ ਤਵੱਜੋ ਦੇ ਰਹੇ ਹਾਂ ਕਿਉਂਕਿ ਇਹ ਸਮੱਸਿਆ ਆ ਰਹੀ ਸੀ ਕਿ ਪਿੰਡਾਂ ਦੇ ਸਕੂਲਾਂ ਵਿਚ ਸਾਇੰਸ ਗਰੁੱਪ ਦੇ ਬੱਚਿਆਂ ਦੀ ਗਿਣਤੀ ਪੂਰੀ ਨਹੀਂ ਸੀ ਹੋ ਰਹੀ। ਇਸ ਕਰਕੇ ਪਹਿਲਾਂ ਅਸੀਂ 7 ਮੈਰੀਟੋਰੀਅਸ ਸਕੂਲ ਬਣਾਏ ਹਨ। ਇਸ ਤੋਂ ਬਾਅਦ 3 ਮੈਰੀਟੋਰੀਅਸ ਸਕੂਲ ਹੋਰ ਐਡ ਕੀਤੇ ਹਨ ਤਾਂ ਜੋ ਰਿਮੋਟ ਏਰੀਏ ਵਿਚੋਂ ਬੱਚੇ ਹੋਸਟਲ ਵਿਚ ਰਹਿ ਕੇ ਬਿਨਾ ਕਿਸੇ ਖਰਚੇ ਤੋਂ ਸਾਇੰਸ ਵਿਸ਼ਾ ਪੜ੍ਹ ਸਕਣ। ਇਕ ਇਨ੍ਹਾਂ ਨੇ ਗਲਤ ਬਿਆਨੀ ਕੀਤੀ ਹੈ ਕਿ ਜਿਹੜੀਆਂ ਸਿਲੈਕਸ਼ਨਾਂ ਹੋ ਰਹੀਆਂ ਹਨ, ਉਸ ਵਿਚ ਪਿੰਡਾਂ ਦਾ ਇਕ ਵੀ ਬੱਚਾ ਸਿਲੈਕਟ ਨਹੀਂ ਹੋਇਆ। ਜੇਕਰ ਇਹ ਗੱਲ ਗਲਤ ਸਾਬਤ ਹੋ ਗਈ ਤਾਂ ਕੀ ਇਹ ਇਸ ਹਾਊਸ ਵਿਚੋਂ ਅਸਤੀਫਾ ਦੇਣਗੇ ? ਇਹ ਨਹੀਂ ਕਿ ਹਾਊਸ ਵਿਚ ਕੱਲ੍ਹ ਵੀ ਸਾਰਾ ਝੂਠ ਬੋਲੀ ਜਾਣ ਅਤੇ ਅੱਜ ਵੀ ਝੂਠ ਬੋਲੀ ਜਾਣ। ਜੇ ਮੈਂ ਸਾਬਤ ਕਰ ਦਿਆਂ ਕਿ ਪਿੰਡਾਂ ਦੇ ਪੜ੍ਹੇ ਬੱਚੇ ਵੀ ਸਿਲੈਕਟ ਹੋਏ ਹਨ ਤਾਂ ਕੀ ਇਹ ਹਾਊਸ ਤੋਂ ਅਸਤੀਫਾ ਦੇਣਗੇ? (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਹਾਊਸ ਦੀ ਕੋਈ ਮਰਿਆਦਾ ਹੁੰਦੀ ਹੈ, ਕੋਈ ਤੱਥਾਂ ਦੇ ਅਧਾਰ ਤੇ ਗੱਲ ਕਰੇ। 24 ਘੰਟੇ ਕੂੜ ਪ੍ਰਚਾਰ ਨਾਲ ਹਾਊਸ ਨਹੀਂ ਚੱਲ ਸਕਦਾ। ਮੈਂ ਆਪਣੀ ਗੱਲ ਤੇ ਸਟੈਂਡ ਕਰਦਾ ਹਾਂ ਕਿ ਪਿੰਡਾਂ ਦੇ ਬੱਚੇ ਸਿਲੈਕਟ ਹੋਏ ਹਨ, ਮੈਂ ਇਕੱਲੇ ਇਕੱਲੇ ਬੱਚੇ ਦਾ ਨਾਮ ਦੱਸਾਂਗਾ ਤਾਂ ਕੀ ਇਹ ਆਪਣੀ ਕੁਰਸੀ ਛੱਡਣਗੇ?

**ਮਾਨਯੋਗ ਸਪੀਕਰ:** ਇਨ੍ਹਾਂ ਦਾ ਮਸਲਾ ਤਾਂ ਕੇਵਲ ਇੰਨਾ ਹੀ ਹੈ ਕਿ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਘੱਟ ਰਹੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਇਹ ਲੈਕਚਰਬਾਜ਼ੀ ਵਿਚ ਪੈ ਗਏ ਹਨ। ਹਮੇਸ਼ਾ ਹੀ ਅਕਾਲੀਆਂ ਦੀ ਸਰਕਾਰ ਦਾ ਇਹ ਰਿਹਾ ਹੈ ਕਿ ਜਦੋਂ ਵੀ ਕੋਈ ਗੱਲ ਕਰਦੇ ਹਨ ਤਾਂ ਕਹਿੰਦੇ ਹਨ ਕਿ ਪੁਰਾਣੀ ਸਰਕਾਰ ਨੇ ਆਹ ਕੀਤਾ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 9 ਸਾਲ ਤੋਂ ਤੁਸੀਂ ਸਰਕਾਰ ਵਿਚ ਹੋ। ਮੇਰੇ ਕੋਲ ਪੂਰਾ ਰਿਕਾਰਡ ਹੈ, ਮੈਂ ਪੁੱਛਦਾ ਹਾਂ ਕਿ ਕਿੰਨੇ ਸਰਕਾਰੀ ਸਕੂਲਾਂ

ਦੇ ਬੱਚੇ ਸਕੂਲ ਛੱਡ ਕੇ ਚਲੇ ਗਏ। ਤੁਸੀਂ ਬੱਚਿਆਂ ਦੇ ਡਰਾਪ-ਆਊਟ ਰੇਟ ਬਾਰੇ ਦੱਸੋ। ਹਰ ਸਾਲ ਸਾਡੇ ਪ੍ਰਾਇਮਰੀ ਅਤੇ ਸਰਕਾਰੀ ਸਕੂਲਾਂ ਦੇ ਬੱਚੇ ਸਕੂਲ ਛੱਡ ਕੇ ਜਾ ਰਹੇ ਹਨ। ਅੱਜ ਪਿੰਡਾਂ ਦੇ ਸਰਕਾਰੀ ਸਕੂਲਾਂ ਵਿਚ 5-5 ਬੱਚਿਆਂ ਦੀ ਕਲਾਸ ਚੱਲ ਰਹੀ ਹੈ। ਇਸ ਲਈ ਕੀ ਮੰਤਰੀ ਜੀ ਜ਼ਿੰਮੇਵਾਰ ਨਹੀਂ ਹਨ? ਇਹ ਕਹਿੰਦੇ ਕਿ ਸਾਨੂੰ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੋਇਆ ਹੈ ਕਿ ਸਾਰੀਆਂ ਅਸਾਮੀਆਂ ਭਰ ਲਓ ਫਿਰ ਜਦੋਂ ਸਰਕਾਰ ਦੇ ਆਰਡਰ ਹਨ ਕਿ ਅਸਾਮੀਆਂ ਭਰ ਲਓ ਫਿਰ ਮੰਤਰੀ ਜੀ ਇਹ ਆਸਾਮੀਆਂ ਕਿਉਂ ਨਹੀਂ ਭਰ ਰਹੇ? ਇਹ ਕਿਉਂ ਗਰੀਬਾਂ ਨੂੰ ਮਾਰ ਰਹੇ ਹਨ?

**ਮਾਨਯੋਗ ਸਪੀਕਰ :** ਤੁਸੀਂ ਆਪਣੀ ਸਪਲੀਮੈਂਟਰੀ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਇਹੀ ਪੁੱਛ ਰਿਹਾ ਹਾਂ ਕਿ ਕਦੋਂ ਤੱਕ ਇਹ ਅਸਾਮੀਆਂ ਭਰ ਦੇਣਗੇ, ਇਹ ਮੈਨੂੰ ਕੋਈ ਡੈਡਲਾਈਨ ਦੱਸ ਦੇਣ।

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਪ੍ਰਿੰਸੀਪਲ ਦੀਆਂ ਅਸਾਮੀਆਂ ਦੀ ਗੱਲ ਕਰਦੇ ਹਨ। 453 ਵਿਚੋਂ 253 ਅਸਾਮੀਆਂ ਪ੍ਰੋਮੋਸ਼ਨ ਰਾਹੀਂ ਭਰੀਆਂ ਜਾਣੀਆਂ ਹਨ, ਉਸ ਦੀ ਡੀ.ਪੀ.ਸੀ. ਥੋੜ੍ਹੇ ਦਿਨਾਂ ਵਿਚ ਹੋ ਜਾਵੇਗੀ ਅਤੇ ਇਹ ਅਸਾਮੀਆਂ ਜਲਦੀ ਭਰ ਦਿਆਂਗੇ। ਇਸ ਵਿਚੋਂ ਕੁਝ ਪੋਸਟਾਂ ਹੈਡਮਾਸਟਰਾਂ ਵਿਚੋਂ ਭਰੀਆਂ ਜਾਣੀਆਂ ਹਨ ਪਰ ਅੱਜ ਦੀ ਤਾਰੀਖ ਵਿਚ ਕੋਈ ਵੀ ਇਲੀਜੀਬਲ ਕੈਂਡੀਡੇਟ ਨਹੀਂ ਹੈ ਪਰ ਇਹ ਪੋਸਟਾਂ ਬਹੁਤ ਥੋੜੀਆਂ ਹਨ। ਇਸ ਤੋਂ ਇਲਾਵਾ 56 ਅਸਾਮੀਆਂ ਸਿੱਧੀ ਭਰਤੀ ਦੀਆਂ ਹਨ ਅਤੇ ਇਸ ਵਿਚੋਂ ਸਾਨੂੰ 50 ਅਸਾਮੀਆਂ ਦੀ ਪ੍ਰਵਾਨਗੀ ਮਿਲ ਗਈ ਹੈ, ਉਸ ਦਾ ਭਰਤੀ ਪ੍ਰਾਸੈਸ ਅਸੀਂ ਸ਼ੁਰੂ ਕਰ ਦਿਆਂਗੇ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਨਯੋਗ ਸਪੀਕਰ :** ਤੁਹਾਡਾ ਇਸ ਨਾਲ ਸਬੰਧ ਨਹੀਂ ਹੋਣਾ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਸੇ ਨਾਲ ਸਬੰਧਤ ਹੈ।

**ਮਾਨਯੋਗ ਸਪੀਕਰ :** ਨਹੀਂ ਜੀ। ਅਗਲਾ ਸਵਾਲ, ਸਰਦਾਰ ਹਰਦਿਆਲ ਸਿੰਘ ਕੰਬੋਜ ਜੀ।

-----

ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਬੱਸਾਂ ਪਟਿਆਲਾ, ਬਠਿੰਡਾ, ਸੰਗਰੂਰ ਤੋਂ ਵਾਇਆ ਜ਼ੀਰਕਪੁਰ, ਚੰਡੀਗੜ੍ਹ, ਸੈਕਟਰ-43 ਦੇ ਬੱਸ ਸਟੈਂਡ ਆਉਂਦੀਆਂ ਹਨ। ਉਹ ਬੱਸਾਂ ਟ੍ਰਿਬਿਊਨ ਚੌਂਕ ਤੋਂ ਰਾਮ ਦਰਬਾਰ, ਇੰਡਸਟਰੀਅਲ ਏਰੀਆ, ਫੇਜ਼-2 ਤੋਂ ਸੈਕਟਰ 47, 46, 45, 44, 43 ਤੋਂ ਹੋ ਕੇ ਸੈਕਟਰ-43, ਚੰਡੀਗੜ੍ਹ ਬੱਸ ਸਟੈਂਡ ਵਿੱਚ ਜਾਂਦੀਆਂ ਹਨ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪਟਿਆਲਾ, ਬਠਿੰਡਾ, ਸੰਗਰੂਰ ਵਾਇਆ ਜ਼ੀਰਕਪੁਰ ਤੋਂ ਆਉਣ ਵਾਲੀਆਂ ਬੱਸਾਂ ਦਾ ਸਾਲ 2008 ਵਿੱਚ ਰੂਟ, ਕਿਲੋਮੀਟਰ ਅਤੇ ਬੱਸ ਸਟੈਂਡ ਤਹਿ ਕੀਤਾ ਹੋਇਆ ਹੈ। ਜੇਕਰ ਪਟਿਆਲਾ, ਬਠਿੰਡਾ, ਸੰਗਰੂਰ ਵਾਇਆ ਜ਼ੀਰਕਪੁਰ ਤੋਂ ਆਉਣ ਵਾਲੀਆਂ ਬੱਸਾਂ ਨੂੰ ਟ੍ਰਿਬਿਊਨ ਚੌਂਕ ਤੋਂ ਸੈਕਟਰ-31, 32 ਤੋਂ ਟਰਨ ਹੋ ਕੇ ਸੈਕਟਰ-43 ਬੱਸ ਸਟੈਂਡ ਜਾਣ ਨਾਲ ਆਮ ਪਬਲਿਕ ਨੂੰ ਸੈਕਟਰ-32 ਹਸਪਤਾਲ ਜਾਣ ਲਈ ਸੁਵਿਧਾ ਮਿਲਦੀ ਹੈ ਤਾਂ ਇਹ ਮਾਮਲਾ ਚੰਡੀਗੜ੍ਹ ਪ੍ਰਸ਼ਾਸਨ ਨਾਲ ਉਠਾਇਆ ਜਾਵੇਗਾ। ਜੇਕਰ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬ ਰਾਜ ਦੀ ਉਕਤ ਮੰਗ ਨਹੀਂ ਮੰਨੀ ਜਾਂਦੀ ਤਾਂ ਪੰਜਾਬ ਰਾਜ ਇਸ ਮਾਮਲੇ ਸਬੰਧੀ ਹੋਰ ਕੋਈ ਕਾਰਵਾਈ ਕਰਨ ਤੋਂ ਅਸਮਰੱਥ ਹੋਵੇਗਾ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕੋਈ ਮੀਟਿੰਗ ਅਰੇਂਜ ਕਰੋਗੇ ਤਾਂ ਜੋ ਇਸ ਦਾ ਕੋਈ ਹੱਲ ਕੱਢਿਆ ਜਾਵੇਗਾ। ਹਾਲੇ ਤਾਂ ਤੁਸੀਂ ਆਪ ਹੀ ਜ਼ੁਬਾਨੀ ਕਹਿ ਦਿੱਤਾ ਹੈ। ਇਹ ਤਾਂ ਛੋਟੀ ਜਿਹੀ ਹੀ ਗੱਲ ਹੈ। ਕੋਈ ਵੱਡਾ ਮਸਲਾ ਨਹੀਂ ਹੈ। ਇਸ ਦਾ ਹੱਲ ਕੱਢਿਆ ਜਾ ਸਕਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕੀਤੀ ਹੈ ਕਿ ਅਸੀਂ ਉਨ੍ਹਾਂ ਨਾਲ ਮੀਟਿੰਗ ਕਰਾਂਗੇ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਧੰਨਵਾਦ ਜੀ।

**ਮਾਨਯੋਗ ਸਪੀਕਰ:** ਨੈਕਸਟ, ਸ਼੍ਰੀ ਰਾਕੇਸ਼ ਪਾਂਡੇ ਜੀ।

**Rana Gurmit Singh Sodhi:** One minute, Speaker Sahib. ਮੇਰਾ ਕੁਐਸਚਨ ਨੰ: 2347 ਹੈ। ਤੁਸੀਂ ਮੈਨੂੰ ਹਮੇਸ਼ਾ ਹੀ ਭੁੱਲ ਜਾਂਦੇ ਹੋ, ਕੀ ਗੱਲ ਕੋਈ ਨਰਾਜ਼ਗੀ ਹੈ?

**ਮਾਨਯੋਗ ਸਪੀਕਰ:** ਕੋਈ ਨਰਾਜ਼ਗੀ ਨਹੀਂ ਹੈ। You have to catch the eye of the Chair.

**Rana Gurmit Singh Sodhi :** Papers are lying with me.

**ਮਾਨਯੋਗ ਸਪੀਕਰ :** ਤੁਸੀਂ ਕਿਹੜੇ ਕੁਐਸਚਨ ਦੀ ਗੱਲ ਕਰਦੇ ਹੋ, ਜਿਹੜਾ ਲੰਘ ਚੁੱਕਾ ਹੈ?

**Rana Gurmit Singh Sodhi** : Sir, question No. 2347, after Sardar Hardyal Singh Kamboj.

**ਮਾਨਯੋਗ ਸਪੀਕਰ :** ਮੈਨੂੰ ਇੱਕ ਮਿੰਟ ਦੇਖ ਲੈਣ ਦਿਓ। ਮੇਰੇ ਕੋਲ ਤਾਂ ਸਰਦਾਰ ਚਰਨਜੀਤ ਸਿੰਘ ਚੰਨੀ ਤੋਂ ਬਾਅਦ ਸਰਦਾਰ ਹਰਦਿਆਲ ਸਿੰਘ ਕੰਬੋਜ ਦਾ ਕੁਐਸਚਨ ਲੱਗਿਆ ਹੈ। (ਵਿਘਨ)

**ਰਾਣਾ ਗੁਰਮੀਤ ਸਿੰਘ ਸੋਢੀ :** ਮੇਰਾ ਸਟਾਰਡ ਕੁਐਸਚਨ ਹੈ ਜੀ।

**ਮਾਨਯੋਗ ਸਪੀਕਰ :** ਮੇਰੀ ਬੇਨਤੀ ਸੁਣ ਲਓ, ਮੇਰੇ ਕੋਲ ਸਰਦਾਰ ਚਰਨਜੀਤ ਸਿੰਘ ਚੰਨੀ ਤੋਂ ਬਾਅਦ ਸਰਦਾਰ ਹਰਦਿਆਲ ਸਿੰਘ ਕੰਬੋਜ ਦਾ ਕੁਐਸਚਨ ਲੱਗਿਆ ਹੈ। (ਵਿਘਨ.... ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਅਨਸਟਾਰਡ ਕੁਐਸਚਨ ਹੋਣਾ ਜੀ।

**ਮਾਨਯੋਗ ਸਪੀਕਰ :** ਕੀ ਇਹ ਅਨਸਟਾਰਡ ਕੁਐਸਚਨ ਹੈ? ਸੋਢੀ ਸਾਹਿਬ, ਅਨਸਟਾਰਡ ਤੇ ਸਟਾਰਡ ਦਾ ਮਤਲਬ ਹੀ ਇਹ ਹੈ ਕਿ ਪਹਿਲਾਂ ਟੈਂਟੇਟਿਵ ਲਿਸਟ ਆਉਂਦੀ ਹੈ ਉਹ ਬਾਅਦ ਵਿੱਚ ਫਾਈਨਲ ਆਉਂਦੀ ਹੈ। ਕੀ ਤੁਹਾਡੇ ਕੋਲ ਲਿਸਟ ਸਰਕੁਲੇਟ ਨਹੀਂ ਹੋਈ ਹੈ?

**Rana Gurmit Singh Sodhi :** Sir, this has been given by your office.

**ਮਾਨਯੋਗ ਸਪੀਕਰ :** ਪਹਿਲਾਂ ਟੈਂਟੇਟਿਵ ਲਿਸਟ ਨਿਕਲਦੀ ਹੈ, ਬਾਅਦ ਵਿੱਚ ਫਾਈਨਲ ਲਿਸਟ ਆਉਂਦੀ ਹੈ। (ਸ਼ੋਰ) ਉਹ ਤੁਹਾਡੇ ਕੋਲ ਆ ਗਈ ਹੈ। ਇਸ ਵਿੱਚ ਇਹ ਸਵਾਲ ਅਨਸਟਾਰਡ ਹੈ, ਇਸ ਦਾ ਜਵਾਬ ਲਿਖਤੀ ਆਉਣਾ ਹੈ। (ਸ਼ੋਰ) ਸਰਦਾਰ ਹਰਦਿਆਲ ਸਿੰਘ ਕੰਬੋਜ ਜੀ। I have a very short time.

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮੈਂ ਤਾਂ ਗੱਲ ਕਰ ਲਈ ਹੈ। ਤੁਸੀਂ ਵਾਰ-ਵਾਰ ਮੇਰਾ ਨਾਂ ਲਿਆ, ਤੁਹਾਡਾ ਧੰਨਵਾਦ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਰਾਕੇਸ਼ ਪਾਂਡੇ ਜੀ।

----

## ਆਈ.ਟੀ.ਆਈਜ਼ ਵਿੱਚ ਠੇਕਾ/ਆਊਟ ਸੋਰਸਿੰਗ ਵਰਕਰਾਂ ਦੀ ਗਿਣਤੀ

***2377. ਸ੍ਰੀ ਰਾਕੇਸ਼ ਪਾਂਡੇ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿੱਚ ਆਈ.ਟੀ.ਆਈਜ਼ ਵਿੱਚ ਠੇਕਾ/ਆਊਟ ਸੋਰਸਿੰਗ ਜਾਬ ਵਰਕਰਾਂ ਦੀ ਸ਼੍ਰੇਣੀ–ਵਾਰ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਵਰਣਿਤ ਵਰਕਰਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਸਰਕਾਰ ਦੀ ਪਾਲਿਸੀ ਕੀ ਹੈ?

**ਸ੍ਰੀ ਮਦਨ ਮੋਹਨ ਮਿੱਤਲ:** (ੳ) ਇਸ ਸਮੇਂ ਰਾਜ ਵਿੱਚ ਆਈ.ਟੀ.ਆਈਜ਼ ਵਿੱਚ ਕੋਈ ਵੀ ਠੇਕਾ/ਆਊਟ ਸੋਰਸਿੰਗ ਜਾਬ ਵਰਕਰ ਕੰਮ ਨਹੀਂ ਕਰ ਰਿਹਾ ਪ੍ਰੰਤੂ ਆਈ.ਟੀ.ਆਈਜ਼ ਵਿੱਚ ਦਰਜਾ–4 ਦੀਆਂ ਆਊਟ ਸੋਰਸਿੰਗ ਰਾਹੀਂ ਭਰੀਆ ਗਈਆਂ ਅਸਾਮੀਆਂ ਦੀ ਗਿਣਤੀ 90 ਹੈ।

(ਅ) ਆਊਟ ਸੋਰਸਿੰਗ ਅਧੀਨ ਰੱਖੇ ਦਰਜਾ–4 ਦੀਆਂ ਸੇਵਾਵਾਂ ਨਿਯਮਤ ਕਰਨ ਲਈ ਕੋਈ ਪਾਲਿਸੀ ਨਹੀਂ ਹੈ।

**Mr. Speaker:** Silence please.

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੰਸਟਰੱਕਟਰਜ਼ ਦੀ ਅਤੇ ਦੂਸਰੀ ਨਫਰੀ ਆਈ.ਟੀ.ਆਈ. ਵਿੱਚ ਘੱਟ ਹੈ, ਉਨ੍ਹਾਂ ਬਾਰੇ ਸਰਕਾਰ ਨੇ ਕੀ ਵਿਚਾਰ ਕੀਤਾ ਹੈ, ਉਹ ਪੂਰੇ ਕਿਉਂ ਨਹੀਂ ਕੀਤੇ ਗਏ?

**ਮਾਨਯੋਗ ਸਪੀਕਰ :** ਇਹ ਤਾਂ ਤੁਹਾਡਾ ਸਵਾਲ ਹੀ ਨਹੀਂ ਬਣਦਾ। ਇਹ ਗੱਲ ਨਹੀਂ ਬਣਦੀ। ਤੁਸੀਂ ਕੋਈ ਸਪਲੀਮੈਂਟਰੀ ਪੁੱਛੋ। ਇਹ ਤਾਂ ਸੈਪਰੇਟ ਕੁਐਸਚਨ ਬਣਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਜਾਬ ਵਰਕਰਜ਼ ਬਾਰੇ ਸਵਾਲ ਹੈ, ਇੰਸਟਰੱਕਟਰਜ਼ ਬਾਰੇ ਤਾਂ ਇਨ੍ਹਾਂ ਨੇ ਪੁੱਛਿਆ ਹੀ ਨਹੀਂ।

**ਮਾਨਯੋਗ ਸਪੀਕਰ :** ਮੈਂ ਤਾਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਇਹ ਕੁਐਸਚਨ ਹੀ ਨਹੀਂ ਬਣਦਾ। ਅਗਲਾ ਸਵਾਲ, ਸ਼੍ਰੀਮਤੀ ਸੀਮਾ ਕੁਮਾਰੀ ਜੀ।

-----

## ਜ਼ਿਲ੍ਹਾ ਪਠਾਨਕੋਟ ਵਿੱਚ ਪੁਲ ਪੱਕਾ ਕਰਨਾ

***2261.ਸ਼੍ਰੀਮਤੀ ਸੀਮਾ ਕੁਮਾਰੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਠਾਨਕੋਟ ਵਿੱਚ ਪੈਂਦੇ ਜਲਾਲੀਆਂ ਦਰਿਆ ਤੇ ਪਿੰਡ ਮਸਤਪੁਰ ਐਮਾਂ ਕੋਲ ਪੈਨਟੂਨ ਪੁਲ ਦੀ ਥਾਂ ਤੇ ਪੱਕਾ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਹਾਲ ਦੀ ਘੜੀ ਇਸ ਪੁਲ ਦੀ ਉਸਾਰੀ ਕਿਸੇ ਵੀ ਸਕੀਮ ਅਧੀਨ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀਮਤੀ ਸੀਮਾ ਕੁਮਾਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦੀ ਹਾਂ ਕਿ ਮਸਤਪੁਰ ਦਾ ਪੁਲ ਬਰਸਾਤਾਂ ਵਿੱਚ 4 ਮਹੀਨੇ ਚੁੱਕਿਆ ਜਾਂਦਾ ਹੈ। ਉਥੋਂ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ, ਉਨ੍ਹਾਂ ਦੀਆਂ ਗੱਡੀਆਂ ਨੂੰ 14 ਕਿਲੋਮੀਟਰ ਦਾ ਫੇਰ ਪਾ ਕੇ ਜਾਣਾ ਪੈਂਦਾ ਹੈ। ਜਿਹੜੇ ਬੱਚਿਆਂ ਨੇ ਸਕੂਲ, ਕਾਲਜ ਜਾਣਾ ਹੁੰਦਾ ਹੈ, ਉਨ੍ਹਾਂ ਨੂੰ 14 ਕਿਲੋਮੀਟਰ ਦਾ ਫੇਰ ਪਾ ਕੇ ਜਾਣਾ ਪੈਂਦਾ ਹੈ। ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਉਥੇ ਪੱਕਾ ਪੁਲ ਬਣਾ ਦਿੱਤਾ ਜਾਵੇ। ਉਥੇ ਪੱਕੇ ਪੁਲ ਦੀ ਉਸਾਰੀ ਦਾ ਕੋਈ ਹੱਲ ਕੱਢਿਆ ਜਾਵੇ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ।

**ਮਾਨਯੋਗ ਸਪੀਕਰ :** ਬੀਬੀ ਜੀ, ਇਹ ਕੋਈ ਸਵਾਲ ਤਾਂ ਨਹੀਂ ਹੋਇਆ।

**ਸ਼੍ਰੀਮਤੀ ਸੀਮਾ ਕੁਮਾਰੀ :** ਕੀ ਮਸਤਪੁਰ ਵਿੱਚ ਕੋਈ ਪੱਕਾ ਪੁਲ ਬਣਾਉਣਗੇ?

**ਮਾਨਯੋਗ ਸਪੀਕਰ :** ਮੰਤਰੀ ਸਾਹਿਬ, ਦੱਸੋ, ਜੇਕਰ ਪੁਲ ਦੀ ਉਸਾਰੀ ਦਾ ਕੋਈ ਹੱਲ ਹੋ ਸਕਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਲਿੰਕ ਰੋਡ ਹੈ। ਇਹੋ ਜਿਹੀਆਂ 549 ਰੋਡਜ਼ ਹਨ, ਜਿਨ੍ਹਾਂ ਉਤੇ ਪੁਲ ਬਣਨ ਵਾਲੇ ਹਨ। ਇੰਨੀ ਰਾਸ਼ੀ ਕਿੱਥੋਂ ਆ ਸਕਦੀ ਹੈ?

**ਸ਼੍ਰੀਮਤੀ ਸੀਮਾ ਕੁਮਾਰੀ :** ਸਪੀਕਰ ਸਾਹਿਬ, ਇਹ ਸਾਰਾ ਬਾਰਡਰ ਦਾ

ਏਰੀਆ ਹੈ। ਇਸ ਤੋਂ ਸਿਰਫ 5 ਕਿਲੋਮੀਟਰ ਦੂਰ ਬਾਰਡਰ ਹੈ। ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸਾਨੂੰ ਉਥੇ ਇੱਕ ਬੜਾ ਚੰਗਾ ਕਾਲਜ ਦਿੱਤਾ ਹੈ। ਇਹ ਬਹੁਤ ਪੱਛੜਿਆ ਹੋਇਆ ਏਰੀਆ ਹੈ। ਬੱਚਿਆਂ ਦੇ ਪੜ੍ਹਨ ਲਈ ਉਥੇ ਸਿਰਫ ਇੱਕ ਹੀ ਕਾਲਜ ਹੈ। ਬਰਸਾਤ ਵਿੱਚ ਬੱਚਿਆਂ ਨੂੰ ਕਾਲਜ ਜਾਣ ਲਈ ਬੜੀਆਂ ਮੁਸ਼ਕਲਾਂ ਆਉਂਦੀਆਂ ਹਨ। ਇਸ ਲਈ ਉਥੇ ਪੱਕਾ ਪੁਲ ਬਣਾਉਣਾ ਬਹੁਤ ਜ਼ਰੂਰੀ ਹੈ। ਬਾਕੀ ਭਾਵੇਂ ਕਿਤੇ ਰਹਿਣ ਦਿਉ, ਪਰ ਇੱਥੇ ਬਾਰਡਰ ਏਰੀਏ ਤੇ ਜ਼ਰੂਰ ਇਹ ਪੁਲ ਬਣਾ ਦਿਉ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਅਗਲਾ ਸਵਾਲ, ਸਰਦਾਰ ਗੋਬਿੰਦ ਸਿੰਘ ਲੌਂਗੋਵਾਲ ਜੀ।

-----

## ਸੇਰੋਂ ਰਜਬਾਹੇ ਤੇ ਨਵਾਂ ਪੁਲ ਬਣਾਉਣਾ

***2459. ਸਰਦਾਰ ਗੋਬਿੰਦ ਸਿੰਘ ਲੌਂਗੋਂਵਾਲ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਧੂਰੀ ਵਿੱਚ ਪਿੰਡ ਬੇਨੜਾ ਤੋਂ ਪਿੰਡ ਲੱਡਾ ਤੇ ਪੈਂਦੇ ਸੇਰੋਂ ਰਜਬਾਹੇ ਤੇ ਟੁੱਟੇ ਹੋਏ ਪੁਲ ਦੀ ਥਾਂ ਤੇ ਨਵਾਂ ਪੁਲ ਬਣਾਉਣ ਦਾ ਮਾਮਲਾ 2007 ਤੋਂ ਸਰਕਾਰ ਦੇ ਵਿਚਾਰ ਅਧੀਨ ਚੱਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪੁਲ ਦੀ ਉਸਾਰੀ ਕਦੋਂ ਤੱਕ ਕੀਤੀ ਜਾਵੇਗੀ ?

**ਸਰਦਾਰ ਤੋਤਾ ਸਿੰਘ :** ਨਹੀਂ ਜੀ, ਇਸ ਤਰ੍ਹਾਂ ਦੀ ਕੋਈ ਤਜਵੀਜ਼ ਹਾਲ ਦੀ ਘੜੀ ਪੰਜਾਬ ਮੰਡੀ ਬੋਰਡ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਦੋ ਵੱਡੇ ਪਿੰਡ ਹਨ -ਲੱਡਾ ਤੇ ਬੇਨੜਾ। ਇੱਕ ਕੱਚਾ ਰਸਤਾ ਦੋਨਾਂ ਪਿੰਡਾਂ ਨੂੰ ਮਿਲਾਉਂਦਾ ਹੈ। ਉਸ ਉਤੇ ਇਹ ਪੁਲ ਪੈਂਦਾ ਹੈ। ਪਿਛਲੇ ਤਕਰੀਬਨ 6-7 ਸਾਲ ਤੋਂ ਦੋਨਾਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਵਾਰ-ਵਾਰ ਮਹਿਕਮੇ ਨੂੰ ਅਰਜ਼ੀਆਂ ਦਿੱਤੀਆਂ ਗਈਆਂ ਹਨ ਕਿ ਇਹ ਪੁਲ ਬਣਾਇਆ ਜਾਵੇ। ਉਨ੍ਹਾਂ ਪਿੰਡਾਂ ਦੇ ਖੇਤ ਪਾਰਲੇ ਪਾਸੇ ਪੈਂਦੇ ਹਨ, ਉਨ੍ਹਾਂ ਨੂੰ ਪੱਠੇ ਲਿਆਉਣ ਲਈ ਅਤੇ ਹੋਰ ਕਾਰੋਬਾਰ ਲਈ ਉਧਰ ਜਾਣਾ ਪੈਂਦਾ ਹੈ। ਉਨ੍ਹਾਂ ਨੇ ਆਪਣੇ ਪੱਧਰ ਤੇ ਹੀ ਆਰਜ਼ੀ ਤੌਰ ਤੇ ਪੱਥਰ ਵਗੈਰਾ ਰੱਖ ਕੇ ਲਾਂਘਾ ਬਣਾਇਆ ਹੋਇਆ ਹੈ। ਲੋਕ ਉੱਥੋਂ ਲੰਘਦੇ ਹਨ। ਮੈਂ

[ ਸਰਦਾਰ ਗੋਬਿੰਦ ਸਿੰਘ ਲੌਂਗੋਵਾਲ ]

ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਪੁਲ ਤੇ ਕੋਈ ਵੀ ਦੁਰਘਟਨਾ ਵਾਪਰ ਸਕਦੀ ਹੈ। ਇਹ ਬਹੁਤ ਜ਼ਰੂਰੀ ਪੁਲ ਹੈ, ਇਸ ਲਈ ਇਸ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਇਆਂ ਕੀ ਇਹ ਪੁਲ ਬਣਾਉਣ ਦੀ ਮੈਨੂੰ ਐਸ਼ੋਰੈਂਸ ਦੇਣਗੇ ਜੀ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੱਚਾ ਰਸਤਾ ਹੈ, ਕੱਚੇ ਰਸਤੇ ਤੇ ਪੁਲ ਮੰਡੀ ਬੋਰਡ ਨਹੀਂ ਬਣਾਉਂਦਾ, ਉਹ ਇਰੀਗੇਸ਼ਨ ਡਿਪਾਰਟਮੈਂਟ ਦਾ ਕੰਮ ਹੈ। ਇਹ ਪੁਲ ਅੰਗਰੇਜ਼ਾਂ ਵੇਲੇ ਦਾ ਬਣਿਆ ਹੋਇਆ ਹੈ। ਇਸ ਪੁਲ ਦੀ ਹਾਲਤ ਖਸਤਾ ਹੈ ਔਰ ਅਸੀਂ ਉੱਥੇ ਬੋਰਡ ਵਾਲਿਆਂ ਨੂੰ ਭੇਜਿਆ ਸੀ ਕਿ ਉੱਥੇ ਕੀ ਪ੍ਰਬੰਧ ਕੀਤਾ ਜਾ ਸਕਦਾ ਹੈ ਤਾਂ ਉਨ੍ਹਾਂ ਨੇ ਨਹਿਰੀ ਵਿਭਾਗ ਨਾਲ ਗੱਲ ਕੀਤੀ ਅਤੇ ਨਹਿਰੀ ਵਿਭਾਗ ਇਸ ਰਜਬਾਹੇ ਦੀ ਰੀਮਾਡਲਿੰਗ ਕਰ ਰਿਹਾ ਹੈ ਔਰ ਰਜਬਾਹੇ ਦੇ ਰੀਮਾਡਲਿੰਗ ਦਾ 19 ਲੱਖ ਦਾ ਐਸਟੀਮੇਟ ਬਣਾਇਆ ਹੈ ਔਰ ਜਦੋਂ ਰੀਮਾਡਲਿੰਗ ਹੋਵੇਗੀ ਤਾਂ ਇਰੀਗੇਸ਼ਨ ਡਿਪਾਰਟਮੈਂਟ ਵਾਲੇ ਹੀ ਕਰਵਾਉਣਗੇ। ਇਸ ਉਤੇ ਕੱਚਾ ਰਸਤਾ ਹੋਣ ਕਰਕੇ ਮੰਡੀ ਬੋਰਡ ਵਾਲੇ ਪੈਸੇ ਨਹੀਂ ਲਗਾ ਸਕਦੇ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ:** ਸਪੀਕਰ ਸਾਹਿਬ, ਇਰੀਗੇਸ਼ਨ ਵਾਲੇ ਮਨਿਸਟਰ ਵੀ ਇੱਥੇ ਬੈਠੇ ਹਨ, ਉਨ੍ਹਾਂ ਤੋਂ ਹੀ ਪੁੱਛ ਲੈਂਦੇ ਹਾਂ ਕਿਉਂਕਿ ਇਹ ਸਾਡਾ ਬਹੁਤ ਜ਼ਰੂਰੀ ਪੁਲ ਹੈ ਤੇ ਇਸ ਨੂੰ ਛੇਤੀ ਬਣਾਉਣ ਦੀ ਕੋਈ ਤਜਵੀਜ਼ ਕਰੋਗੇ?

**ਮਾਨਯੋਗ ਸਪੀਕਰ:** ਉਨ੍ਹਾਂ ਨੂੰ ਜਾਂ ਤਾਂ ਤੁਸੀਂ ਪਹਿਲਾਂ ਪੁੱਛਦੇ। ਹੁਣ How can he reply immediately? ਸਰਦਾਰ ਬਲਜੀਤ ਸਿੰਘ ਜਲਾਲਉਸਮਾ ਜੀ।

-----

## ਜੰਡਿਆਲਾ ਗਹਿਰੀ ਮੰਡੀ ਤੋਂ ਖਜਾਲਾ ਡਰੇਨ ਤੇ ਨਵਾਂ ਪੁਲ ਬਣਾਉਣਾ

*2428. **ਸਰਦਾਰ ਬਲਜੀਤ ਸਿੰਘ ਜਲਾਲਉਸਮਾ :** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜੰਡਿਆਲਾ-ਗਹਿਰੀ ਮੰਡੀ ਤੋਂ ਖਜਾਲਾ ਡਰੇਨ ਦੇ ਖਸਤੇ ਹਾਲਤ ਵਾਲੇ ਪੁਲ ਦੀ ਥਾਂ ਤੇ ਨਵਾਂ ਪੁਲ ਅਤੇ ਪਿੰਡ ਖੱਬੇ

ਰਾਜਪੂਤਾਂ ਵਿਖੇ ਡਰੇਨ ਤੇ ਬਣੇ ਤੰਗ ਪੁਲ ਨੂੰ ਚੌੜਾ ਕਰਨ ਜਾਂ ਨਵਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਤੋਤਾ ਸਿੰਘ :** ਨਹੀਂ ਜੀ।

**ਸਰਦਾਰ ਬਲਜੀਤ ਸਿੰਘ ਜਲਾਲਉਸਮਾ:** ਸਰ, ਇਹ ਜੰਡਿਆਲਾ ਤੋਂ ਗਹਿਰੀ ਮੰਡੀ, ਉੱਥੇ ਜਿੱਥੇ ਦਾਣਾ ਮੰਡੀ ਹੈ, ਉੱਥੇ ਐਫ.ਸੀ.ਆਈ. ਦੇ ਬਹੁਤ ਸਾਰੇ ਗੁਦਾਮ ਬਣੇ ਹੋਏ ਹਨ, ਉਥੇ ਬਹੁਤ ਸਾਰੇ ਭੱਠੇ ਵੀ ਹਨ ਪਰ ਉਥੇ ਪੁਲ ਦੀ ਇੰਨੀ ਮਾੜੀ ਹਾਲਤ ਹੈ ਕਿ ਉਥੇ ਰੋਜ਼ ਕੋਈ ਨਾ ਕੋਈ ਐਕਸੀਡੈਂਟ ਹੁੰਦਾ ਰਹਿੰਦਾ ਹੈ। ਇਸ ਕਰਕੇ ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇੱਥੇ ਪੁਲ ਬਣਾਉਣ ਦੀ ਜੇ ਕੋਈ ਤਜਵੀਜ਼ ਨਹੀਂ ਵੀ ਹੈ ਤਾਂ ਵੀ ਇਸ ਨੂੰ ਤਜਵੀਜ਼ ਵਿੱਚ ਲਿਆਂਦਾ ਜਾਵੇ ਅਤੇ ਛੇਤੀ ਤੋਂ ਛੇਤੀ ਇਸ ਦਾ ਹੱਲ ਕੀਤਾ ਜਾਵੇ।

**ਮਾਨਯੋਗ ਸਪੀਕਰ :** ਇਹ ਤਾਂ ਸੁਜੈਸ਼ਨ ਹੈ।

**ਸਰਦਾਰ ਬਲਜੀਤ ਸਿੰਘ ਜਲਾਲਉਸਮਾ :** ਕੀ ਮੰਤਰੀ ਸਾਹਿਬ ਇਸ ਦੀ ਕੋਈ ਤਜਵੀਜ਼ ਲਿਆਉਣਗੇ?

**ਮੰਤਰੀ :** ਇਹ ਲਿੰਕ ਸੜਕ ਜੰਡਿਆਲਾ ਗਹਿਰੀ ਮੰਡੀ ਤੋਂ ਖਜਾਲਾ ਰੋਡ ਜਿਸ ਸੜਕ ਦੀ ਲੰਬਾਈ 3.10 ਕਿਲੋਮੀਟਰ ਹੈ ਤੇ ਇਹ 18 ਫੁੱਟ ਚੌੜੀ ਸੜਕ ਬਣ ਚੁੱਕੀ ਹੈ। ਇਹ ਪੁਲ ਬਹੁਤ ਤੰਗ ਹੈ ਪਰ ਪੁਲ ਦੀ ਹਾਲਤ ਠੀਕ ਹੈ। ਪੁਲ ਦੀਆਂ ਜਿਹੜੀਆਂ ਸਾਈਡਾਂ ਹੁੰਦੀਆਂ ਹਨ, ਉਹ ਟੁੱਟੀਆਂ ਹੋਈਆਂ ਹਨ, ਉਸ ਲਈ ਅਸੀਂ ਪ੍ਰਬੰਧ ਕਰ ਰਹੇ ਹਾਂ।

**ਸਰਦਾਰ ਬਲਜੀਤ ਸਿੰਘ ਜਲਾਲਉਸਮਾ:** ਸਰ, ਇਹ ਤਿੰਨ ਕਿਲੋਮੀਟਰ ਤਾਂ ਨਹੀਂ ਹੈ। ਜੰਡਿਆਲੇ ਤੋਂ ਖਜਾਲੇ ਤੱਕ ਦਾ ਰਸਤਾ 12 ਕਿਲੋਮੀਟਰ ਹੈ। ਅੱਗੇ ਮਜੀਠੀਆ ਸਾਹਿਬ ਬੈਠੇ ਹਨ, ਇਹ ਇਨ੍ਹਾਂ ਦਾ ਹਲਕਾ ਹੈ ਇਹ ਇਸੇ ਰਸਤੇ ਰਾਹੀਂ ਕਰਾਸ ਕਰਦਾ ਹੈ। ਜਿੰਨੀ ਵੀ ਕਿਸਾਨੀ ਦੀ ਜਿਣਸ ਆਉਂਦੀ ਹੈ, ਉਹ ਗਹਿਰੀ ਮੰਡੀ ਆਉਂਦੀ ਹੈ, ਗੁਦਾਮਾਂ ਵਿੱਚ ਜਿਣਸ ਪੁਲ ਪਾਰ ਕਰਕੇ ਜਾਂਦੀ ਹੈ। ਇਸ ਕਰਕੇ ਇਹ ਪੁਲ ਬਹੁਤ ਜ਼ਰੂਰੀ ਹੈ। ਮੇਰੀ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜੇ ਤਜਵੀਜ਼ ਨਹੀਂ ਹੈ ਤਾਂ ਕ੍ਰਿਪਾ ਕਰਕੇ ਇਸ ਦੀ ਤਜਵੀਜ਼ ਲਿਆ ਕੇ ਇਹ ਪੁਲ ਬਣਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

**ਮੰਤਰੀ :** ਸਤਿਕਾਰਯੋਗ ਐਮ.ਐਲ.ਏ. ਸਾਹਿਬ ਦੀ ਮੰਗ ਤਾਂ ਜਾਇਜ਼ ਹੈ ਜੀ। ਮੈਂ ਮੰਡੀ ਬੋਰਡ ਨੂੰ ਇਹੀ ਹਦਾਇਤ ਕਰਾਂਗਾ ਕਿ ਇਹ ਪੁਲ ਜਿਹੜਾ ਹੈ, ਇਹ ਤੰਗ ਹੈ। ਪੁਲ ਪੁਰਾਣਾ ਬਣਿਆ ਪਿਆ ਹੈ, ਪੁਲ ਦੀ ਹਾਲਤ ਤਾਂ ਠੀਕ ਹੈ, ਇਸ ਨੂੰ ਚੌੜਾ ਕੀਤਾ ਜਾਵੇ, ਇਹ ਅਸਲ ਮੰਗ ਹੈ। ਚੌੜਾ ਕਰਨ ਵਾਸਤੇ ਹਦਾਇਤ ਭੇਜੀ ਜਾਵੇਗੀ।

**ਸਰਦਾਰ ਬਲਜੀਤ ਸਿੰਘ ਜਲਾਲਉਸਮਾ :** ਮੰਤਰੀ ਸਾਹਿਬ, ਧੰਨਵਾਦ ਜੀ।

----

## ਸਕੂਲਾਂ ਦੇ ਬਿਜਲੀ ਅਤੇ ਪਾਣੀ ਦੇ ਬਿਲਾਂ ਦੀ ਅਦਾਇਗੀ ਕਰਨਾ

***2520. ਬੀਬੀ ਜਗੀਰ ਕੌਰ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਰਕਾਰੀ ਪ੍ਰਾਇਮਰੀ/ਐਲੀਮੈਂਟਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਬਿਜਲੀ ਅਤੇ ਪਾਣੀ ਦੇ ਬਿਲਾਂ ਦੀ ਅਦਾਇਗੀ ਕਿਸ ਢੰਗ ਨਾਲ ਭਾਵ ਕਿਸ ਵੱਲੋਂ ਅਤੇ ਕਿਹੜੇ ਖਾਤੇ ਵਿੱਚੋਂ ਕੀਤੀ ਜਾਂਦੀ ਹੈ?

**ਡਾਕਟਰ ਦਲਜੀਤ ਸਿੰਘ ਚੀਮਾ :** (ੳ) ਸਰਕਾਰੀ ਪ੍ਰਾਇਮਰੀ/ਐਲੀਮੈਂਟਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਬਿਜਲੀ ਅਤੇ ਪਾਣੀ ਦੇ ਬਿਲਾਂ ਦੀ ਅਦਾਇਗੀ ਸਰਕਾਰ ਵੱਲੋਂ ਜਾਰੀ ਕੀਤੇ ਬਜਟ ਵਿਚੋਂ ਕੀਤੀ ਜਾਂਦੀ ਹੈ। ਇਹ ਅਦਾਇਗੀ "ਮੰਗ ਨੰ: 05 ਦੇ ਲੇਖਾ ਮੱਦ- 2202 ਨਾਨ ਪਲਾਨ" ਵਿੱਚੋਂ ਸਿੱਖਿਆ ਵਿਭਾਗ ਦੇ ਸਬੰਧਤ ਡੀ.ਡੀ.ਓ. ਵੱਲੋਂ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਸਰਬ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਥਾਰਿਟੀ ਵੱਲੋਂ ਪ੍ਰਾਪਤ ਸਕੂਲ ਗ੍ਰਾਂਟ ਅਤੇ ਮੈਂਟੀਨੈਂਸ ਗਰਾਂਟ ਵਿਚੋਂ ਵੀ ਬਿਲਾਂ ਦੀ ਅਦਾਇਗੀ ਕੀਤੀ ਜਾਂਦੀ ਹੈ।

**ਬੀਬੀ ਜਗੀਰ ਕੌਰ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਕਿਉਂਕਿ ਲੰਮੇ ਸਮੇਂ ਤੋਂ ਪੈਸੇ ਨਹੀਂ ਸੀ ਪਹੁੰਚੇ। ਮੈਂ ਹੁਣ ਮੰਤਰੀ ਜੀ ਦੀ ਧੰਨਵਾਦੀ ਹਾਂ ਕਿ ਉਹ ਪੈਸੇ ਚਲੇ ਗਏ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ, ਸਰਦਾਰ ਇਕਬਾਲ ਸਿੰਘ ਝੂੰਦਾਂ ਜੀ।

----

## ਅਮਰਗੜ੍ਹ ਵਿਖੇ ਬਾਈਪਾਸ ਬਣਾਉਣਾ

*2315. **ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਟੋਲ ਰੋਡਜ਼ ਦੇ ਰਸਤੇ ਤੇ ਪੈਂਦੇ ਕਸਬਿਆਂ ਜਾਂ ਸ਼ਹਿਰਾਂ ਵਿੱਚ ਟੋਲ ਦੇ ਕੇ ਵੀ ਲੰਬੇ ਜਾਮ ਲੱਗਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਅਮਰਗੜ੍ਹ ਵਿਖੇ ਬਾਈਪਾਸ ਕੱਢਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਰਾਜ ਵਿਚ ਟੋਲ ਟੈਕਸ ਦੇ ਰਸਤੇ ਤੇ ਪੈਂਦੇ ਕਸਬਿਆਂ ਜਾਂ ਸ਼ਹਿਰਾਂ ਵਿੱਚ ਲੰਬੇ ਜਾਮ ਲੱਗਣ ਦੀ ਕੋਈ ਸਮੱਸਿਆ ਅਜੇ ਤੱਕ ਸਰਕਾਰ ਦੇ ਸਾਹਮਣੇ ਨਹੀਂ ਆਈ ਹੈ। ਹਾਲ ਦੀ ਘੜੀ ਅਮਰਗੜ੍ਹ ਵਿਖੇ ਬਾਈਪਾਸ ਕੱਢਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਮਾਨਯੋਗ ਸਪੀਕਰ ਸਾਹਿਬ, ਜਿਹੜੀਆਂ ਸਾਡੀ ਟੋਲ ਰੋਡਜ਼ ਬਣਾਈਆਂ ਹੋਈਆਂ ਹਨ, ਉਨ੍ਹਾਂ ਉਤੇ ਬਹੁਤ ਸਾਰੇ ਕਸਬੇ ਅਤੇ ਸ਼ਹਿਰ ਪੈਂਦੇ ਹਨ। ਮੰਤਰੀ ਜੀ ਨੇ ਤਾਂ ਕਹਿ ਦਿੱਤਾ ਹੈ ਕਿ ਕੋਈ ਸਮੱਸਿਆ ਨਹੀਂ। ਸਾਡੇ ਅਮਰਗੜ੍ਹ ਵਿਖੇ ਘੰਟਾ-ਘੰਟਾ, ਦੋ-ਦੋ ਘੰਟੇ ਜਾਮ ਲੱਗੇ ਰਹਿੰਦੇ ਹਨ। ਜਿਹੜੀ ਮੇਨ ਬਜ਼ਾਰ ਦੀ ਸੜਕ ਹੈ, ਉਹ ਸੜਕ ਕੇਵਲ 15 ਫੁੱਟ ਚੌੜੀ ਹੈ। ਜਦੋਂ ਦੋਵੇਂ ਪਾਸੇ ਟਰੱਕ ਜਾਂ ਬੱਸਾਂ ਆ ਜਾਂਦੀਆਂ ਹਨ ਤਾਂ ਘੰਟਾ-ਘੰਟਾ ਜਾਮ ਲੱਗਾ ਰਹਿੰਦਾ ਹੈ।

**ਮਾਨਯੋਗ ਸਪੀਕਰ:** ਇਹ ਸਿਰਫ ਅਮਰਗੜ੍ਹ ਦੀ ਹੀ ਨਹੀਂ ਬਲਕਿ 90% ਟੋਲ ਪਲਾਜ਼ਿਆਂ ਉਤੇ ਪ੍ਰਾਬਲਮ ਹੈ ਅਤੇ ਜਾਮ ਲਗਦੇ ਹਨ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਮੇਰੀ ਗੁਜ਼ਾਰਿਸ਼ ਹੈ ਕਿ ਜਦੋਂ ਟੋਲ ਪ੍ਰੋਜੈਕਟ ਬਣਾਏ ਜਾਂਦੇ ਹਨ ਤਾਂ ਉਸ ਵੇਲੇ ਬਾਈ ਪਾਸ ਦੀ ਪ੍ਰੋਪੋਜ਼ਲ ਨੂੰ ਨਾਲ ਕਿਉਂ ਨਹੀਂ ਲਿਆ ਜਾਂਦਾ। ਜਦੋਂ ਟੋਲ ਕੰਪਨੀ ਨੇ ਬਣਾਉਣੇ ਹਨ ਤਾਂ ਉਥੇ 35 ਰੁਪਏ ਦੀ ਬਜਾਏ 40 ਰੁਪਏ ਰੱਖ ਲਵੋ ਜਾਂ ਉਸ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਦੋ ਸਾਲ ਲਈ ਹੋਰ ਵਧਾ ਦਿਉ ਤਾਂ ਜੋ ਜਿਹੜਾ ਵਿਅਕਤੀ ਟੋਲ ਦੇ ਕੇ ਆਉਂਦਾ ਹੈ ਤਾਂ ਫਿਰ ਉਸ ਨੂੰ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਉਣੀ ਚਾਹੀਦੀ। ਸਾਡੇ ਪਟਿਆਲੇ ਤੋਂ ਲੈ ਕੇ ਮਲੇਰਕੋਟਲਾ 55-60 ਕਿਲੋਮੀਟਰ ਹੈ।

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਉਸ ਸੜਕ ਉੱਤੇ ਦੋ ਟੋਲ ਦੇ ਕੇ ਵਿਅਕਤੀ ਪਟਿਆਲੇ ਤੋਂ ਮਲੇਰਕੋਟਲੇ ਪਹੁੰਚਦਾ ਹੈ ਅਤੇ ਉਹ ਜਾਮਾਂ ਵਿਚ ਹੀ ਉਲਝੇ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਟੋਲ ਦੇ ਕੇ ਉਨ੍ਹਾਂ ਨੂੰ ਉਹ ਸੁਵਿਧਾ ਨਹੀਂ ਮਿਲ ਰਹੀ। ਮੇਰੀ ਬੇਨਤੀ ਹੈ ਕਿ ਜਿਥੇ ਜਿਥੇ ਵੀ ਬਜ਼ਾਰ ਪੈਂਦੇ ਹਨ, ਕੋਈ ਠੋਸ ਨੀਤੀ ਸਰਕਾਰ ਵੱਲੋਂ ਤਹਿ ਕੀਤੀ ਜਾਵੇ ਜਿਸ ਨਾਲ ਜੋ ਲੋਕ ਟੋਲ ਟੈਕਸ ਦੇ ਕੇ ਆਉਂਦੇ ਹਨ, ਉਹ ਜਾਮ ਵਿਚ ਨਾ ਫਸਣ। ਮੰਤਰੀ ਜੀ ਦਾ ਇਹ ਜਵਾਬ ਪ੍ਰਾਪਰ ਨਹੀਂ ਹੈ ਕਿ ਜਾਮ ਨਹੀਂ ਲਗਦੇ। ਅਸੀਂ ਜਿਹੜੇ ਵੀ ਹਾਊਸ ਵਿਚ ਮੈਂਬਰ ਬੈਠੇ ਹਾਂ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਜਾਮ ਲਗਦੇ ਹਨ। ਇਸ ਦਾ ਪੱਕੇ ਤੌਰ ਤੇ ਕੋਈ ਹੱਲ ਕੀਤਾ ਜਾਵੇ। ਇਸ ਨਾਲ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਦੂਸਰਾ, ਜਿਹੜਾ ਸਾਡੇ ਅਮਰਗੜ੍ਹ ਦਾ ਬਾਈਪਾਸ ਹੈ....

**ਮਾਨਯੋਗ ਸਪੀਕਰ:** ਇਕ ਸਮੇਂ ਇਕ ਹੀ ਸਪਲੀਮੈਂਟਰੀ ਪੁੱਛੋ।

**ਸਰਦਾਰ ਇਕਬਾਲ ਸਿੰਘ ਝੂੰਦਾਂ:** ਮੰਤਰੀ ਜੀ ਦੱਸਣ ਦੀ ਖੇਚਲ ਕਰਨ ਕਿ ਜੇਕਰ ਉਹ ਬਾਈਪਾਸ ਨਹੀਂ ਬਣਵਾ ਸਕਦੇ ਤਾਂ ਜਿਥੇ ਜਿਥੇ ਸਪੇਸ ਹੈ, ਕੀ ਉਥੇ-ਉਥੇ ਸੜਕ ਚੌੜੀ ਕੀਤੀ ਜਾਵੇਗੀ? ਇਸ ਬਾਰੇ ਕੰਪਨੀ ਜਾਂ ਮਹਿਕਮਾ ਕੋਈ ਠੋਸ ਕਦਮ ਚੁੱਕੇਗਾ?

**ਮਾਨਯੋਗ ਸਪੀਕਰ:** ਜਨਮੇਜਾ ਸਿੰਘ ਜੀ, ਇਹ ਤਾਂ ਹਾਰਡ ਫੈਕਟ ਹੈ ਕਿ 90% ਟੋਲ ਪਲਾਜ਼ਿਆਂ ਉੱਤੇ ਰਸ਼ ਪੈਂਦਾ ਹੈ ਅਤੇ ਜਾਮ ਲਗਦੇ ਹਨ। ਇਸ ਦਾ ਕੋਈ ਹੱਲ ਦੱਸੋ, ਜੋ ਮੈਂਬਰ ਸਾਹਿਬ ਨੇ ਪੁੱਛਿਆ ਹੈ।

**ਮੰਤਰੀ:** ਇਸ ਤੇ ਵਿਚਾਰ ਕਰ ਲਵਾਂਗੇ ਜੀ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2345**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਪ੍ਰਸ਼ਨ ਸੀ। ਕੀ ਇਸ ਦੀ ਐਕਸਟੈਂਸ਼ਨ ਦੀ ਲੋੜ ਸੀ?

**ਮਾਨਯੋਗ ਸਪੀਕਰ:** ਇਸ ਦੀ ਐਕਸਟੈਂਸ਼ਨ ਮੰਤਰੀ ਜੀ ਨੇ ਮੰਗੀ ਸੀ। ਇਹ ਦੇ ਦਿੱਤੀ ਹੈ।. Extension has been granted.

------

** Reply to this Starred Question No. 2345 has not been received till 5.9.2016 i.e. the date on which this Debates was sent to the Press for final printing.

## ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਮਦੋਟ ਨੂੰ ਸ਼ਿਫਟ ਕਰਨਾ

*2433. **ਸਰਦਾਰ ਜੋਗਿੰਦਰ ਸਿੰਘ ਜਿੰਦੂ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਪੰਚਾਇਤ, ਮਮਦੋਟ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਮਮਦੋਟ ਜ਼ਿਲ੍ਹਾ ਫਿਰੋਜ਼ਪੁਰ ਨੂੰ ਸ਼ਹਿਰੋਂ ਬਾਹਰ ਸ਼ਿਫ਼ਟ ਕਰਨ ਲਈ ਪੰਜ ਏਕੜ ਜ਼ਮੀਨ ਟ੍ਰਾਂਸਫਰ ਕਰ ਦਿੱਤੀ ਗਈ ਹੈ ਅਤੇ ਇਸ ਦੀ ਰਜਿਸਟਰੀ ਵੀ ਮਿਤੀ 2.2.2016 ਨੂੰ ਸਿੱਖਿਆ ਵਿਭਾਗ ਦੇ ਨਾਂ ਤੇ ਕਰਵਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਵਿਭਾਗ ਹੁਣ ਕਦੋਂ ਤੱਕ ਨਵੇਂ ਸਕੂਲ ਦੀ ਉਸਾਰੀ ਕਰਵਾ ਦੇਵੇਗਾ?

**ਡਾਕਟਰ ਦਲਜੀਤ ਸਿੰਘ ਚੀਮਾ:** ਹਾਂ ਜੀ, ਜਦੋਂ NABARD ਤੋਂ ਵਜ਼ਣ ਤਹਿਤ ਰਾਸ਼ੀ ਪ੍ਰਾਪਤ ਹੋ ਜਾਵੇਗੀ ਉਸ ਉਪਰੰਤ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮਮਦੋਟ ਵਿਚ ਇਹ ਲੜਕੀਆਂ ਦਾ ਸਕੂਲ ਬਹੁਤ ਹੀ ਪੁਰਾਣਾ ਹੈ। ਮੇਰੇ ਖਿਆਲ ਵਿਚ ਇਹ 2 ਕਨਾਲ ਜਗ੍ਹਾ ਵਿਚ ਬਣਿਆ ਹੋਇਆ ਹੈ। ਵਿਭਾਗ ਵੱਲੋਂ ਕਿਹਾ ਗਿਆ ਕਿ ਜੇਕਰ ਤੁਸੀਂ 5 ਏਕੜ ਜਗ੍ਹਾ ਦੇ ਦੇਵੋ ਤਾਂ ਅਸੀਂ ਨਵੀਂ ਬਿਲਡਿੰਗ ਬਣਵਾ ਦਿਆਂਗੇ। ਹੁਣ ਅਸੀਂ 5 ਏਕੜ ਜ਼ਮੀਨ ਵਿਭਾਗ ਨੂੰ ਦੇ ਦਿੱਤੀ ਹੈ ਅਤੇ ਰਜਿਸਟਰੀ ਵੀ ਵਿਭਾਗ ਦੇ ਨਾਂ ਕਰਵਾ ਦਿੱਤੀ ਹੈ। ਮੈਂ ਮੰਤਰੀ ਜੀ ਨੂੰ ਇਕੋ ਹੀ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਕਦੋਂ ਤੱਕ ਇਸ ਸਕੂਲ ਨੂੰ ਬਣਾਉਣਗੇ ਅਤੇ ਕੀ ਇਹ ਟਾਈਮ-ਬਾਊਂਡ ਹੋ ਸਕਦਾ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮਿਤੀ 2.2.2016 ਨੂੰ ਜ਼ਮੀਨ ਮਹਿਕਮੇ ਦੇ ਨਾਂ ਤੇ ਟਰਾਂਸਫਰ ਹੋ ਗਈ ਹੈ। ਅਸੀਂ 1,16,21,000 ਰੁਪਏ ਰੱਖੇ ਹਨ। ਮੁੱਖ ਮੰਤਰੀ ਸਾਹਿਬ ਨੇ ਜਿਹੜਾ ਉਚੇਚੇ ਤੌਰ ਤੇ ਰਾਜ ਵਿਚ 164 ਲੜਕੀਆਂ ਦੇ ਸਕੂਲਾਂ ਵਾਸਤੇ 45 ਕਰੋੜ ਰੁਪਏ ਦਾ ਇਕ ਸਪੈਸ਼ਲ ਪ੍ਰੋਜੈਕਟ ਬਣਾਇਆ ਹੈ, ਉਸ ਵਿਚ ਅਸੀਂ ਇਨ੍ਹਾਂ ਦਾ ਕੇਸ ਮਨਜ਼ੂਰ ਕਰਵਾ ਦਿੱਤਾ ਹੈ। ਮੈਂ ਇਨ੍ਹਾਂ ਨੂੰ ਐਸ਼ਿਓਰ ਕਰਦਾ ਹਾਂ ਕਿ ਜਿਸ ਵੇਲੇ ਵੀ ਪੈਸੇ ਆ ਜਾਂਦੇ ਹਨ, ਅਸੀਂ ਨਾਲ ਦੀ ਨਾਲ ਹੀ ਕੰਮ ਸ਼ੁਰੂ ਕਰਵਾ ਦਿਆਂਗੇ ਅਤੇ ਸਕੂਲ ਦੀ ਪਰਾਪਰ ਬਿਲਡਿੰਗ ਬਣਵਾ ਦਿਆਂਗੇ।

-----

**ਮਾਨਯੋਗ ਸਪੀਕਰ:** ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ। ਸਾਲ 2016-17 ਲਈ ਬਜਟ ਅਨੁਮਾਨ ਪੇਸ਼ ਕਰਨਾ। ਸਰਦਾਰ ਪਰਮਿੰਦਰ ਸਿੰਘ ਜੀ ਢੀਂਡਸਾ, ਵਿੱਤ ਮੰਤਰੀ ਸਾਹਿਬ ਸਾਲ 2016-17 ਲਈ ਬਜਟ ਅਨੁਮਾਨ ਪੇਸ਼ ਕਰਨ। (ਥੰਪਿੰਗ)

## PRESENTATION OF THE BUDGET ESTIMATES FOR THE YEAR 2016-17

**ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਮਾਣਯੋਗ ਸਪੀਕਰ ਸਾਹਿਬ, ਇਸ ਅਜ਼ੀਮ ਸਦਨ ਦੇ ਸਾਹਮਣੇ ਸਾਲ 2016-17 ਲਈ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗੱਠਜੋੜ ਦੀ ਮੁੜ ਚੁਣੀ ਗਈ ਸਰਕਾਰ ਦਾ ਲਗਾਤਾਰ ਪੰਜਵਾਂ ਬਜਟ ਪੇਸ਼ ਕਰਦਿਆਂ ਮੈਨੂੰ ਫਖ਼ਰ ਮਹਿਸੂਸ ਹੋ ਰਿਹਾ ਹੈ।

2. ਭਾਰਤੀ ਅਰਥ ਵਿਵਸਥਾ ਵਿਸ਼ਵ ਵਿਚ ਸਭ ਤੋਂ ਵਧੇਰੇ ਤੇਜ਼ ਵਿਕਾਸ ਕਰਨ ਵਾਲੀਆਂ ਅਰਥ ਵਿਵਸਥਾਵਾਂ ਵਿਚੋਂ ਉਭਰ ਕੇ ਸਾਹਮਣੇ ਆਈ ਹੈ। 7.2 ਫ਼ੀਸਦ ਦਾ ਵਾਧਾ ਉਭਰ ਰਹੀਆਂ ਅਰਥ ਵਿਵਸਥਾਵਾਂ ਵਿਚੋਂ ਸਭ ਤੋਂ ਵਧੇਰੇ ਹੈ। ਕੌਮੀ ਅਰਥ ਵਿਵਸਥਾ ਦੀ ਵਾਧਾ ਪ੍ਰੀਕ੍ਰਿਆ ਵਿਚ ਮੱਹਤਵਪੂਰਨ ਭਾਈਵਾਲ ਬਣ ਕੇ ਪੰਜਾਬ ਰਾਜ ਨੇ ਆਪਣੀ ਅਰਥ ਵਿਵਸਥਾ ਨੂੰ ਇਕ ਹੁਲਾਰਾ ਦਿੱਤਾ ਹੈ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਆਗੂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਪਰਸਤੀ ਅਤੇ ਗਤੀਸ਼ੀਲ ਆਗੂ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਅਗਵਾਈ ਅਤੇ ਕੇਂਦਰ ਵਿਚਲੀ ਐਨ.ਡੀ.ਏ ਸਰਕਾਰ ਦੀ ਸਹਾਇਤਾ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨਵੀਆਂ ਬੁਲੰਦੀਆਂ ਨੂੰ ਛੂਹਣ ਵਿਚ ਕਾਮਯਾਬ ਹੋਈ ਹੈ ਅਤੇ ਇਹ ਪ੍ਰਕ੍ਰਿਆ ਸਾਲ 2016-17 ਦੌਰਾਨ ਵੀ ਇਸੇ ਪ੍ਰਕਾਰ ਜਾਰੀ ਰਹੇਗੀ।

3. ਇਕ ਨੀਤੀ ਦਸਤਾਵੇਜ਼ ਵਜੋਂ ਬਜਟ ਦਾ ਉਦੇਸ਼ ਪੰਜਾਬ ਦੀ ਅਰਥ ਵਿਵਸਥਾ ਨੂੰ ਹੋਰ ਵਧੇਰੇ ਵਿਕਾਸ ਵੱਲ ਲਿਜਾਣਾ ਹੈ। ਆਹਲਾ ਦਰਜੇ ਦੀ ਤਕਨਾਲੋਜੀ ਨਾਲ ਲੈਸ ਆਧੁਨਿਕ ਖੇਤਬਾੜੀ ਸੈਕਟਰ, ਰੇਲ,

ਸੜਕਾਂ ਅਤੇ ਹਵਾਈ ਕੁਨੈਕਟੀਵਿਟੀ ਦੇ ਸਬੰਧ ਵਿਚ ਉਚ ਵਿਕਸਿਤ ਬੁਨਿਆਦੀ ਢਾਂਚਾ, ਸਿੱਖਿਅਤ ਅਮਲੇ ਦੀ ਉਪਲਬਧਤਾ, ਸਸਤੀ ਅਤੇ ਵਾਧੂ ਬਿਜਲੀ ਦੀ ਪੂਰਤੀ, ਮਿੱਤਰਤਾਪੂਰਣ ਉਦਯੋਗਿਕ ਸਬੰਧ, ਜਨ ਅੰਕੜਿਆਂ ਸਬੰਧੀ ਲਾਭਾਂਸ਼, ਜ਼ਮੀਨੀ ਮਾਰਗ ਰਾਹੀਂ ਵਪਾਰ ਲਈ ਅੰਤਰਰਾਸ਼ਟਰੀ ਸਰਹੱਦ ਨਾਲ ਨੇੜਤਾ ਅਤੇ ਦੋ ਨਿਵੇਸ਼ ਕਾਨਫਰੰਸਾਂ ਦੇ ਲਾਭਾਂਸ਼, ਪੰਜਾਬ ਦੀ ਆਰਥਿਕਤਾ ਦੇ ਮਜ਼ਬੂਤ ਥੰਮ ਹਨ। ਇਹ ਮਜ਼ਬੂਤੀਆਂ ਮੈਨੂੰ ਇਸ ਗੱਲ ਲਈ ਵਧੇਰੇ ਹੌਂਸਲਾ ਦਿੰਦੀਆਂ ਹਨ ਕਿ ਸਾਲ 2016-17 ਦੌਰਾਨ ਪੰਜਾਬ ਦੀ ਅਰਥ ਵਿਵਸਥਾ ਦੀ ਵਾਧਾ ਦਰ 7 ਫ਼ੀਸਦ ਦੇ ਕਰੀਬ ਰਹੇਗੀ। ਮੈਂ ਇਸ ਅਜ਼ੀਮ ਸਦਨ ਦੇ ਸਾਹਮਣੇ ਵਿਕਾਸ ਦੇ ਪੰਜਾਬ ਮਾਡਲ ਦੀ ਇਸ ਪ੍ਰਾਪਤੀ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਹਾਂ ਕਿ ਵੱਖ ਵੱਖ ਸਮਾਜਿਕ ਤਬਕਿਆਂ, ਸ਼ਹਿਰੀ-ਪੇਂਡੂ ਖੇਤਰਾਂ ਦੇ ਨਾਲ ਨਾਲ ਹੋਰ ਵਰਗਾਂ ਵਿਚ ਵਿਕਾਸ ਦੇ ਲਾਭਾਂ ਦੀ ਸਮਾਨ ਵੰਡ ਨੂੰ ਦਰਸਾਉਂਦਾ ਹੈ। ਪੰਜਾਬ ਰਾਜ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਗਿਣਤੀ ਦੇਸ਼ ਵਿਚ ਦੂਜੀ ਸਭ ਤੋਂ ਘੱਟ ਅਰਥਾਤ 8.26 ਫ਼ੀਸਦ ਹੈ। ਪੇਂਡੂ ਖੇਤਰ ਨੇ ਵੀ ਵਿਕਾਸ ਦੇ ਲਾਭਾਂ ਦਾ ਫਾਇਦਾ ਉਠਾਇਆ ਹੈ। 2011 ਦੀ ਜਨਗਣਨਾ ਦੇ ਮੁਤਾਬਿਕ ਪਿੰਡਾਂ ਵਿਚਲਾ ਪੰਜਾਬ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਨਾਲ ਨਾਲ ਦੂਜੇ ਰਾਜਾਂ ਦੇ ਮੁਕਾਬਲੇ ਵਧੇਰੇ ਉੱਤਮ ਪੱਧਰ ਤੇ ਰਿਹਾ ਹੈ। ਪੰਜਾਬ ਦੇ ਵਿਕਾਸ ਲਾਭਾਂ ਨੇ ਇਸ ਦੀ ਅਨੁਸੂਚਿਤ ਜਾਤੀ ਨਾਲ ਸਬੰਧਤ ਵਸੋਂ ਨੂੰ ਵੀ ਫਾਇਦਾ ਪਹੁੰਚਾਇਆ ਹੈ। ਉਦਾਹਰਣ ਵੱਜੋਂ ਪੇਂਡੂ ਅਨੁਸੂਚਿਤ ਜਾਤੀ ਪਰਿਵਾਰ, ਜਿਨ੍ਹਾਂ ਕੋਲ ਪੱਕੇ ਮਕਾਨ, ਪੀਣ ਵਾਲੇ ਪਾਣੀ ਦਾ ਆਪਣਾ ਸਾਧਨ, ਬਿਜਲੀ ਕੁਨੈਕਸ਼ਨ, ਗੰਦੇ ਪਾਣੀ ਦਾ ਨਿਕਾਸ, ਮੋਟਰਸਾਇਕਲ/ਸਕੂਟਰ, ਟੈਲੀਵਿਜ਼ਨ ਸੈੱਟ ਅਤੇ ਐੱਲ.ਪੀ.ਜੀ ਕੁਨੈਕਸ਼ਨ ਹਨ, ਉਨ੍ਹਾਂ ਦੀ ਗਿਣਤੀ ਦੇਸ਼ ਵਿਚ ਸਭ ਤੋਂ ਵਧੇਰੇ ਹੈ।

4. ਸਾਲ 2016-17 ਦਾ ਬਜਟ ਸਾਡੀ ਸਰਕਾਰ ਦੁਆਰਾ ਰਾਜ ਦੀ ਅਰਥ ਵਿਵਸਥਾ ਨੂੰ ਨਿਰੰਤਰ ਵਿਕਾਸ ਦੇ ਮਾਰਗ ਤੇ ਲਿਆਉਣ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ ਜਿਸ ਦੇ ਲਾਭ ਸਮਾਜ ਦੇ ਸਮੁੱਚੇ ਵਰਗਾਂ ਤੱਕ ਪੁਹੰਚਣਗੇ। ਇਹ ਬਜਟ ਰਾਜ ਨੂੰ ਮਾਲੀ ਮਜ਼ਬੂਤੀ ਦੇ ਮਾਰਗ ਤੇ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਪਾਉਣ, ਉਦਯੋਗਿਕ ਵਿਕਾਸ ਵਿਚ ਤਰੱਕੀ ਲਿਆਉਣ, ਖੇਤੀਬਾੜੀ ਸੈਕਟਰ ਦੇ ਪੁਨਰ-ਵਿਕਾਸ ਅਤੇ ਰਾਜ ਦੇ ਸਮੂਹਿਕ ਵਿਕਾਸ ਤੇ ਵੀ ਜ਼ੋਰ ਦਿੰਦਾ ਹੈ। ਜਦੋਂ ਅਸੀਂ ਪੰਜਾਬ ਦੀ ਅਰਥ ਵਿਵਸਥਾ ਦੀ ਪ੍ਰਗਤੀ ਦਾ ਖਾਕਾ ਉਲੀਕਦੇ ਹਾਂ ਤਾਂ ਸਾਡੇ ਦਿਮਾਗ ਵਿਚ ਵਿਭਿੰਨ ਚੁਣੌਤੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦਾ ਰਾਜ ਸਾਹਮਣਾ ਕਰ ਰਿਹਾ ਹੈ, ਜਿਵੇਂ ਕਿ ਪ੍ਰਤੀਕੂਲ ਬਾਲ ਲਿੰਗ ਅਨੁਪਾਤ, ਕੈਂਸਰ-ਪੀੜਤਾਂ ਦੀ ਵਧਦੀ ਗਿਣਤੀ, ਖੇਤੀਬਾੜੀ ਅਰਥ ਵਿਵਸਥਾ ਵਿਚਲੀ ਖੜੋਤ, ਨੌਜਵਾਨ ਬੇਰੁਜ਼ਗਾਰੀ ਅਤੇ ਮਾਲੀ ਚੁਣੌਤੀਆਂ। ਸਰਕਾਰ ਆਉਣ ਵਾਲੇ ਵਿੱਤੀ ਵਰ੍ਹੇ ਦੌਰਾਨ ਇਨ੍ਹਾਂ ਚੁਣੌਤੀਆਂ ਦੇ ਨਿਪਟਾਰੇ ਲਈ ਠੋਸ ਯਤਨ ਕਰੇਗੀ।

**ਰਾਜ ਦੀ ਅਰਥਵਿਵਸਥਾ**

ਸ਼੍ਰੀਮਾਨ ਸਪੀਕਰ ਸਾਹਿਬ, ਹੁਣ ਮੈਂ ਰਾਜ ਦੇ ਆਰਥਿਕ ਅਤੇ ਮਾਲੀ ਮਾਪਦੰਡਾਂ ਨੂੰ ਵਿਸਥਾਰ ਪੂਰਵਕ ਪੇਸ਼ ਕਰਨਾ ਚਾਹਾਂਗਾ:

5. ਜਦੋਂ ਮੌਜੂਦਾ ਸਰਕਾਰ ਨੇ ਸਾਲ 2006-07 ਵਿਚ ਰਾਜ ਦਾ ਕਾਰਜਭਾਰ ਸੰਭਾਲਿਆ ਤਾਂ ਰਾਜ ਦਾ ਕੁਲ ਘਰੇਲੂ ਉਤਪਾਦ 1,27,123 ਕਰੋੜ ਰੁਪਏ ਸੀ। ਇਸ ਸਦਨ ਨੂੰ ਇਹ ਦਸਦਿਆਂ ਮੈਨੂੰ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਦੇ ਕਾਰਜਕਾਲ ਦੌਰਾਨ ਸਾਲ 2015-16 ਵਿਚ ਕੁਲ ਘਰੇਲੂ ਉਤਪਾਦ ਵਧ ਕੇ ਤਿੰਨ ਗੁਣਾ, ਅਰਥਾਤ 4,08,815 ਕਰੋੜ ਰੁਪਏ ਹੋ ਗਿਆ ਹੈ। (ਥੰਪਿੰਗ)

ਸਾਲ 2016-17 ਦੇ ਦੌਰਾਨ ਮੈਂ ਉਮੀਦ ਕਰਦਾ ਹਾਂ ਕਿ ਰਾਜ ਦਾ ਕੁਲ ਘਰੇਲੂ ਉਤਪਾਦ 4,54,398 ਕਰੋੜ ਰੁਪਏ ਤੱਕ ਹੋ ਜਾਵੇਗਾ। ਅਗੇਤੇ ਅਨੁਮਾਨਾਂ ਅਨੁਸਾਰ ਸਥਿਰ ਕੀਮਤਾਂ ਤੇ ਰਾਜ ਦੀ ਵਿਕਾਸ ਦਰ ਪਿਛਲੇ ਸਾਲ 2014-15 ਦੀ 4.92 ਫ਼ੀਸਦ ਦੇ ਮੁਕਾਬਲੇ ਚਾਲੂ ਮਾਲੀ ਸਾਲ ਦੌਰਾਨ 5.96 ਫ਼ੀਸਦ ਹੋ ਜਾਣ ਦੀ ਸੰਭਾਵਨਾ ਹੈ। ਸਾਲ 2006-07 ਵਿਚ ਰਾਜ ਦੀ ਪ੍ਰਤੀ ਜੀਅ ਆਮਦਨ 41,883 ਰੁਪਏ ਸੀ ਜੋ ਕਿ 2015-16 ਵਿਚ ਵਧ ਕੇ 1,26,063 ਰੁਪਏ ਹੋ ਗਈ ਹੈ। (ਥੰਪਿੰਗ)

## ਵਿੱਤੀ ਮਜ਼ਬੂਤੀ

6. 14ਵੇਂ ਵਿੱਤ ਕਮਿਸ਼ਨ ਨੇ ਰਾਜਾਂ ਲਈ ਵਿੱਤੀ ਮਜ਼ਬੂਤੀ ਦਾ ਮਾਰਗ ਸੁਝਾਇਆ ਹੈ। 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਰਾਜਾਂ ਨੂੰ ਉਨ੍ਹਾਂ ਦਾ ਵਿੱਤੀ ਘਾਟਾ ਕੁਲ ਘਰੇਲੂ ਉਤਪਾਦ ਦੇ 3 ਫ਼ੀਸਦ ਤੱਕ ਰੱਖਣ ਦੀ ਸਿਫਾਰਸ਼ ਕੀਤੀ ਗਈ ਸੀ। ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਮੈਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਰਾਜ ਦਾ ਵਿੱਤੀ ਘਾਟਾ, ਸਿਵਾਏ 2014-15 ਤੋਂ ਜਦੋਂ ਵਿੱਤੀ ਘਾਟਾ ਐਫ. ਆਰ. ਬੀ. ਐਮ. ਸੀਮਾ ਤੋਂ 0.1 ਫ਼ੀਸਦ ਵੱਧ ਗਿਆ ਸੀ, 13ਵੇਂ ਵਿੱਤ ਕਮਿਸ਼ਨ ਦੇ ਸਮੇਂ ਦੌਰਾਨ ਇਹਨਾਂ ਸੀਮਾਵਾਂ ਵਿਚ ਹੀ ਰਿਹਾ ਹੈ। ਸਾਲ 2016-17 ਦੌਰਾਨ ਵਿੱਤੀ ਘਾਟਾ 2.88 ਫ਼ੀਸਦ ਅਨੁਮਾਨਿਆ ਗਿਆ ਹੈ ਜੋ ਕਿ 14ਵੇਂ ਵਿੱਤ ਕਮਿਸ਼ਨ ਦੁਆਰਾ ਨਿਰਧਾਰਿਤ ਸੀਮਾਵਾਂ ਵਿਚ ਹੀ ਹੈ।

7. ਪੰਜਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਕਾਰਨ ਤਨਖਾਹਾਂ ਅਤੇ ਪੈਨਸ਼ਨਾਂ ਦੇ ਰਾਜ ਦੇ ਪ੍ਰਤਿਬੱਧ ਖ਼ਰਚੇ ਵਿਚ ਭਾਰੀ ਵਾਧਾ ਹੋਇਆ ਜਿਸ ਦੇ ਕਾਰਨ ਰਾਜ ਸਰਕਾਰ ਨੂੰ ਮਾਲੀ ਘਾਟੇ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਸਰਕਾਰ ਦੇ ਆਪਣੇ ਨਿਰੰਤਰ ਯਤਨਾਂ ਕਾਰਨ ਕੁਲ ਘਰੇਲੂ ਉਤਪਾਦ ਨਾਲ ਸਾਡੇ ਕਰ ਮਾਲੀਏ ਵਿਚਲੇ ਅਨੁਪਾਤ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ। ਪਿਛਲੇ ਸਾਲਾਂ ਦੌਰਾਨ ਗੈਰ ਕਰ ਮਾਲੀਏ ਵਿਚ ਵੀ ਵਾਧਾ ਹੋਇਆ ਹੈ। ਕੇਂਦਰੀ ਕਰਾਂ ਵਿਚ ਰਾਜ ਦਾ ਹਿੱਸਾ 1.389 ਫ਼ੀਸਦ ਤੋਂ ਵਧਾ ਕੇ 1.577 ਫ਼ੀਸਦ ਹੋ ਜਾਣ ਨਾਲ ਚਾਲੂ ਵਿੱਤੀ ਸਾਲ, ਅਰਥਾਤ 2016-17 ਦੌਰਾਨ ਇਸ ਸਥਿਤੀ ਵਿਚ ਹੋਰ ਸੁਧਾਰ ਹੋ ਜਾਣ ਦੀ ਸੰਭਾਵਨਾ ਹੈ।

8. ਰਾਜ ਸਰਕਾਰ ਦੇ ਸੰਜਮੀ ਵਿੱਤੀ ਪ੍ਰਬੰਧ ਅਤੇ ਨਿਰੰਤਰ ਯਤਨਾਂ ਕਾਰਨ ਸਰਕਾਰੀ ਕਰਜ਼ਾ ਸੀਮਾ ਅੰਦਰ ਰਿਹਾ ਹੈ ਜਿਵੇਂ ਕਿ ਕੁਲ ਘਰੇਲੂ ਉਤਪਾਦ ਨਾਲ ਕਰਜ਼ ਅਨੁਪਾਤ ਦੇ ਤੀਬਰ ਸੁਧਾਰ ਤੋਂ ਪਤਾ ਲਗਦਾ ਹੈ। ਜਦੋਂ 2006-07 ਵਿਚ ਸਾਡੀ ਸਰਕਾਰ ਨੇ ਕਾਰਜਕਾਰ ਸੰਭਾਲਿਆ ਤਾਂ ਰਾਜ ਦੇ ਕੁਲ ਘਰੇਲੂ ਉਤਪਾਦ ਦਾ ਬਕਾਇਆ

ਵੀ ਮੁਹੱਈਆ ਕਰਵਾਈਆਂ ਜਾਣਗੀਆਂ।

10. ਸਾਡੀ ਸਰਕਾਰ ਆਰਥਿਕ ਵਿਕਾਸ ਵਿਚ ਇਸਤਰੀਆਂ ਨੂੰ ਬਰਾਬਰ ਭਾਈਵਾਲ ਬਣਾਉਣ ਦੀ ਜ਼ਰੂਰੀ ਲੋੜ ਨੂੰ ਮਹਿਸੂਸ ਕਰਦੀ ਹੈ। ਸਹਿਕਾਰਤਾ ਵਿਭਾਗ ਦੀ ਮਾਈ ਭਾਗੋ ਇਸਤਰੀ ਸਸ਼ਕਤੀਕਰਣ ਸਕੀਮ ਅਧੀਨ 9 ਫ਼ੀਸਦ ਦਰ ਨਾਲ 50,000 ਰੁਪਏ ਤੱਕ ਦਾ ਕਰਜ਼ਾ ਮੁਢਲੇ ਖੇਤੀਬਾੜੀ ਸਹਿਕਾਰੀ ਸੁਸਾਇਟੀਆਂ ਦੁਆਰਾ ਇਸਤਰੀ ਮੈਂਬਰਾਂ ਨੂੰ ਛੋਟੇ ਵਪਾਰਕ ਉੱਦਮ ਸਥਾਪਤ ਕਰਨ ਲਈ ਮੁਹੱਈਆ ਕਰਵਾਇਆ ਜਾਂਦਾ ਹੈ।ਸਰਕਾਰ ਇਹ ਕਰਜ਼ਾ 9 ਫ਼ੀਸਦ ਤੋਂ ਘਟਾ ਕੇ 5 ਫ਼ੀਸਦ ਪ੍ਰਤੀ ਸਾਲ ਦੀ ਰਿਆਇਤੀ ਦਰ ਨਾਲ ਮੁਹੱਈਆ ਕਰਵਾਉਣ ਦੀ ਤਜਵੀਜ਼ ਰੱਖਦੀ ਹੈ।(ਥੰਪਿੰਗ) ਇਸ ਉਦੇਸ਼ ਦੀ ਪ੍ਰਾਪਤੀ ਲਈ ਤਜਵੀਜ਼ ਹੈ ਕਿ ਇਸ ਸਾਲ ਦੇ ਬਜਟ ਵਿਚ 5 ਕਰੋੜ ਰੁਪਏ ਰਾਖਵੇਂ ਕੀਤੇ ਜਾਣ।

11. ਕੰਮ-ਕਾਜੀ ਇਸਤਰੀਆਂ, ਵਿਸ਼ੇਸ਼ ਕਰਕੇ ਉਹ ਇਸਤਰੀਆਂ ਜਿਹੜੀਆਂ ਕਿ ਉਦਯੋਗਿਕ ਖੇਤਰ ਵਿਚ ਕੰਮ ਕਰਦੀਆਂ ਹਨ, ਦੀਆਂ ਲੋੜਾਂ ਨੂੰ ਮੱਦੇਨਜ਼ਰ ਰੱਖਦਿਆਂ, ਮੈਂ ਸਾਲ 2016-17 ਵਿਚ ਤਿੰਨ ਨਵੇਂ ਵਰਕਿੰਗ ਵੀਮੈਨ ਹੋਸਟਲ ਦੇ ਨਿਰਮਾਣ ਦੀ ਘੋਸ਼ਣਾ ਕਰਦਾ ਹਾਂ ਜਿਸ ਲਈ ਜ਼ਮੀਨ ਪੀ ਐੱਸ ਆਈ ਈ ਸੀ ਦੁਆਰਾ ਮੁਹੱਈਆ ਕਰਵਾਈ ਜਾਵੇਗੀ। ਇਨ੍ਹਾਂ ਵਰਕਿੰਗ ਵੀਮੈਨ ਹੋਸਟਲ, ਵਿਚ ਬੱਚਿਆਂ ਲਈ ਦਿਨ ਵੇਲੇ ਸਾਂਭ-ਸੰਭਾਲ ਦੀ ਸੁਵਿਧਾ ਹੋਵੇਗੀ। ਇਸ ਉਦੇਸ਼ ਲਈ 10 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।(ਥੰਪਿੰਗ) ਸਰਕਾਰ ਸਮਾਜਿਕ ਅਤੇ ਸਮੁਦਾਇਕ ਸਮਾਗਮਾਂ ਵਿਚ ਵਰਤੋਂ ਲਈ ਮਹਿਲਾ ਮੰਡਲਾਂ, ਗੈਰ ਸਰਕਾਰੀ ਸੰਗਠਨਾਂ ਅਤੇ ਕਲੱਬਾਂ ਨੂੰ ਬਰਤਨ ਵੀ ਮੁਹੱਈਆ ਕਰਵਾਉਣਾ ਚਾਹੁੰਦੀ ਹੈ। ਇਸ ਉਦੇਸ਼ ਲਈ 79 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ।(ਥੰਪਿੰਗ)

12. ਮੈਨੂੰ ਇਹ ਘੋਸ਼ਣਾ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਮੁੱਚੇ ਰਾਜ ਵਿਚ ਗਰਭਵਤੀ ਔਰਤਾਂ ਦੇ ਸਮੂਹਿਕ ਵਿਕਾਸ ਅਤੇ ਨਵਜੰਮੇ ਬੱਚਿਆਂ ਦੀਆਂ ਮਾਵਾਂ ਦੀ ਸਹਾਇਤਾ ਲਈ 638 ਨਵੇਂ ਆਂਗਣਵਾੜੀ

ਕੇਂਦਰਾਂ ਅਤੇ 20 ਮਿੰਨੀ ਆਂਗਣਵਾੜੀ ਕੇਂਦਰਾਂ ਦੀ ਸਥਾਪਤੀ ਕੀਤੀ ਜਾਵੇਗੀ। (ਥੰਪਿੰਗ) ਇਨ੍ਹਾਂ ਕੇਂਦਰਾਂ ਵਿਚ ਅਨੁਪੂਰਕ ਪੋਸ਼ਣ, ਸਿਹਤ ਚੈੱਕਅੱਪ, ਰੈਫਰਲ ਸੇਵਾਵਾਂ ਪੋਸ਼ਣ ਅਤੇ ਸਿਹਤ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਇਸ ਨਾਲ 20 ਸੁਪਰਵਾਈਜ਼ਰਾਂ, 1276 ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਰੁਜ਼ਗਾਰ ਮਿਲੇਗਾ।

13. ਔਰਤਾਂ ਦੀ ਸੁਰੱਖਿਆ, ਮੌਜੂਦਾ ਸਮੇਂ ਸਭ ਤੋਂ ਮਹੱਤਵਪੂਰਣ ਵਿਸ਼ਾ ਹੈ। ਸਾਡੀ ਸਰਕਾਰ ਇਸ ਪ੍ਰਤੀ ਗੰਭੀਰ ਹੈ ਕਿਉਂਕਿ ਬੀਤੇ ਸਮੇਂ ਦੌਰਾਨ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿੱਥੇ ਇਸਤਰੀਆਂ ਦੀ ਸਹੀ ਸਲਾਮਤੀ ਅਤੇ ਸੁਰੱਖਿਆ ਨੂੰ ਚੁਣੌਤੀਆਂ ਮਿਲੀਆਂ ਹਨ। ਮੌਜੂਦਾ ਸਮੇਂ ਦੀ ਇਹ ਜ਼ਰੂਰੀ ਲੋੜ ਹੈ ਕਿ ਇਸਤਰੀਆਂ ਦੀ ਸਹੀ ਸਲਾਮਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਚਿਤ ਕਦਮ ਚੁੱਕੇ ਜਾਣ। ਪੰਜਾਬ ਸਰਕਾਰ ਨੇ ਵਿਸ਼ੇਸ਼ ਇਸਤਰੀ ਪੈਟਰੋਲਿੰਗ ਟੀਮਾਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ ਜੋ ਸਕੂਲਾਂ/ਕਾਲਜਾਂ, ਮਾਰਕਿਟ ਸਥਾਨਾਂ, ਮਾਲ/ਮਲਟੀਪਲੈਕਸਾਂ ਦੇ ਆਸ ਪਾਸ ਪੈਟਰੋਲਿੰਗ ਕਰਨਗੀਆਂ। ਇਨ੍ਹਾਂ ਟੀਮਾਂ ਨੂੰ ਬਣਾਉਣ ਦਾ ਮੁੱਖ ਉਦੇਸ਼ ਉਪਰੋਕਤ ਵਰਣਿਤ ਸਥਾਨਾਂ ਵਿਚ ਅਤੇ ਆਲੇ ਦੁਆਲੇ ਧਿਆਨਪੂਰਵਕ ਪੈਟਰੋਲਿੰਗ ਕਰਨ ਅਤੇ ਲੜਕੀਆਂ ਨਾਲ ਛੇੜਛਾੜ, ਪਿੱਛਾ ਕਰਨ, ਜਿਸਮਾਨੀ ਛੇੜਛਾੜ ਕਰਨ ਅਤੇ ਇਸਤਰੀਆਂ ਵਿਰੁੱਧ ਹੋਰ ਦੂਸਰੇ ਜੁਰਮਾਂ ਨੂੰ ਰੋਕਣਾ ਹੈ। ਇਸਤਰੀ ਸੁਰੱਖਿਆ ਨਾਲ ਸਬੰਧਤ ਐਪਲੀਕੇਸ਼ਨ 'ਸ਼ਕਤੀ' ਜਲਦੀ ਸ਼ੁਰੂ ਕੀਤੀ ਜਾਵੇਗੀ। ਇਸ ਐਪਲੀਕੇਸ਼ਨ ਦੀ ਵਰਤੋਂ ਨਾਲ ਪ੍ਰਭਾਵਿਤ ਔਰਤਾਂ ਆਪਣੇ ਸਬੰਧੀਆਂ ਅਤੇ ਪੁਲਿਸ ਨੂੰ ਆਪਣੇ ਮੋਬਾਇਲ ਤੇ ਇਕ ਬਟਨ ਦਬਾ ਕੇ ਤੁਰੰਤ ਸੂਚਿਤ ਕਰ ਸਕਦੀਆਂ ਹਨ।

14. ਪੰਜਾਬ ਸਰਕਾਰ ਇਸਤਰੀਆਂ ਨੂੰ ਵਿੱਤੀ ਤੌਰ ਤੇ ਸੁਤੰਤਰ ਬਣਾਉਣ ਲਈ ਵੱਖ ਵੱਖ ਹੁਨਰਾਂ ਵਿਚ ਉਨ੍ਹਾਂ ਦੀ ਰੁਜ਼ਗਾਰ ਯੋਗਤਾ ਵਿਚ ਵਾਧੇ ਲਈ ਪੇਂਡੂ ਖੇਤਰਾਂ ਵਿਚ ਇਸਤਰੀਆਂ ਦੀ ਸਿਖਲਾਈ ਲਈ 'ਨੰਨ੍ਹੀ ਛਾਂ ਹੁਨਰ ਕੇਂਦਰ' ਸਥਾਪਿਤ ਕਰਨ ਦੀ ਤਜਵੀਜ਼ ਰੱਖਦੀ ਹੈ। (ਥੰਪਿੰਗ)

**ਯੁਵਕ**

15. ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਇਹ ਨਜ਼ਰੀਆ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਵੈ ਨਿਰਭਰ ਬਣਾਉਣ ਲਈ ਹੁਨਰ ਸਿਖਲਾਈ ਦਿੱਤੀ ਜਾਵੇ ਤਾਂ ਜੋ ਉਹ ਸਵੈ ਮਾਣ ਅਤੇ ਭਰੋਸੇ ਵਾਲਾ ਜੀਵਨ ਬਤੀਤ ਕਰ ਸਕਣ। ਸਰਕਾਰ ਨੇ ਆਉਣ ਵਾਲੇ ਸਾਲ 2016-17 ਵਿਚ ਇਕ ਲੱਖ ਨੌਜਵਾਨਾਂ ਨੂੰ ਹੁਨਰਮੰਦ ਸਿਖਲਾਈ ਦੇਣ ਦਾ ਟੀਚਾ ਮਿਥਿਆ ਹੈ। ਰਾਜ ਸਰਕਾਰ ਪੇਂਡੂ ਖੇਤਰਾਂ ਦੇ ਹਰੇਕ ਬਲਾਕ ਵਿਚ ਘੱਟੋ-ਘੱਟ ਇਕ ਹੁਨਰ ਵਿਕਾਸ ਕੇਂਦਰ ਦੇ ਹਿਸਾਬ ਨਾਲ 200 ਹੁਨਰ ਵਿਕਾਸ ਕੇਂਦਰਾਂ ਦੀ ਸਥਾਪਨਾ ਕਰੇਗੀ ਤਾਂ ਜੋ ਪੇਂਡੂ ਨੌਜਵਾਨਾਂ, ਵਿਸ਼ੇਸ਼ ਕਰਕੇ ਲੜਕੀਆਂ ਨੂੰ ਉਨ੍ਹਾਂ ਦੀ ਉਪਜੀਵਿਕਾ ਕਮਾਉਣ ਲਈ ਹੁਨਰ ਸਿਖਲਾਈ ਮੁਹੱਈਆ ਕਰਵਾਈ ਜਾ ਸਕੇ।(ਥੰਪਿੰਗ) ਸਰਕਾਰ ਪੇਂਡੂ ਖੇਤਰਾਂ ਵਿਚ ਇਨ੍ਹਾਂ 200 ਮਾਡਲ ਹੁਨਰ ਵਿਕਾਸ ਕੇਂਦਰਾਂ ਦੀ ਸਥਾਪਤੀ ਲਈ 50 ਕਰੋੜ ਰੁਪਏ ਖ਼ਰਚ ਕਰੇਗੀ ਅਤੇ ਇਸ ਤੋਂ ਇਲਾਵਾ 20 ਕਰੋੜ ਰੁਪਏ ਨੌਜਵਾਨਾਂ ਦੀ ਸਿਖਲਾਈ ਲਈ ਮੁਹੱਈਆ ਕਰਵਾਏਗੀ। ਇਸ ਤੋਂ ਇਲਾਵਾ ਸਰਕਾਰ ਇਨ੍ਹਾਂ ਕੇਂਦਰਾਂ ਵਿਚ ਨੌਜਵਾਨਾਂ ਦੀ ਸਿਖਲਾਈ ਨੂੰ ਸਪਾਂਸਰ ਕਰਨ ਲਈ ਵੱਖ ਵੱਖ ਕਾਰਪੋਰੇਟਸ ਨਾਲ ਰਾਬਤਾ ਬਣਾਵੇ ਗੀ ਅਤੇ ਰਾਜ ਅਤੇ ਕੇਂਦਰ ਸਰਕਾਰ ਦੀਆਂ ਵੱਖ ਵੱਖ ਸਕੀਮਾਂ ਤਹਿਤ ਸਹਾਇਤਾ ਵੀ ਪ੍ਰਾਪਤ ਕਰੇਗੀ। ਸਰਕਾਰ ਵੱਲੋਂ ਨੌਜਵਾਨਾਂ ਵਿਚਲੇ ਹੁਨਰ ਦੇ ਵਿਕਾਸ ਅਤੇ ਨਵੇਂ ਹੁਨਰਾਂ ਨੂੰ ਸਿੱਖਣ ਲਈ ਬੇ ਰੁਜ਼ਗਾਰ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ 1000/- ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਭੱਤਾ ਮੁਹੱਈਆ ਕਰਨ ਲਈ ਇਕ ਸਕੀਮ ਬਣਾਈ ਜਾਵੇਗੀ।(ਥੰਪਿੰਗ)

16. ਰਾਜ ਸਰਕਾਰ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਠੋਸ ਯਤਨ ਕਰ ਰਹੀ ਹੈ। ਸਾਡੇ ਮਾਣਯੋਗ ਉਪ ਮੁੱਖ ਮੰਤਰੀ ਜੀ ਦਾ ਨਜ਼ਰੀਆ ਹੈ ਕਿ ਨੌਜਵਾਨਾਂ ਨੂੰ ਜ਼ਰੂਰੀ ਸੁਵਿਧਾਵਾਂ ਮੁਹੱਈਆ ਕਰਵਾ ਕੇ ਖੇਡਾਂ ਵੱਲ ਆਕਰਸ਼ਿਤ ਕੀਤਾ ਜਾਵੇ। ਇਸ ਯਤਨ ਨੂੰ ਹੋਰ ਅਗੇਰੇ ਵਧਾਉਣ ਲਈ ਮੈਂ ਪੰਜਾਬ ਦੇ ਵੱਖ-ਵੱਖ ਕਸਬਿਆਂ ਅਤੇ ਪਿੰਡਾਂ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਵਿੱਚ ਆਧੁਨਿਕ ਸਾਜ਼ੋ-ਸਾਮਾਨ ਨਾਲ ਲੈਸ 4000 ਆਧੁਨਿਕ ਜਿਮਨੇਜ਼ੀਅਮ ਕੇਂਦਰ ਸਥਾਪਿਤ ਕਰਨ ਦੀ ਘੋਸ਼ਣਾ ਕਰ ਰਿਹਾ ਹਾਂ। (ਥੰਪਿੰਗ) ਜਿਸ ਲਈ 200 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ। ਮੈਂ ਯੂਥ ਕਲੱਬਾਂ ਨੂੰ ਮੁਫ਼ਤ ਸਪੋਰਟਸ ਕਿੱਟਾਂ ਦੇਣ ਦੀ ਘੋਸ਼ਣਾ ਵੀ ਕਰ ਰਿਹਾ ਹਾਂ। ਜਿਸ ਲਈ ਸਾਲ 2016-17 ਵਿਚ 75 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। (ਥੰਪਿੰਗ)

17. ਅਨੁਸੂਚਿਤ ਜਾਤੀ ਤੇ ਪਛੜੀਆਂ ਸ਼੍ਰੇਣੀਆਂ ਦੇ ਨੌਜਵਾਨਾਂ ਨੂੰ ਵੱਖ-ਵੱਖ ਸਕੀਮਾਂ ਅਧੀਨ ਕਵਰ ਕੀਤਾ ਗਿਆ ਹੈ ਜੋ ਕਿ ਉਨ੍ਹਾਂ ਨੂੰ ਉਚੇਰੀ ਸਿੱਖਿਆ ਲਈ ਪੈਰਵੀ ਕਰਨ ਦੇ ਯੋਗ ਬਣਾਉਂਦੀਆਂ ਹਨ, ਪਰੰਤੂ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਬਹੁਤ ਸਾਰੇ ਨੌਜਵਾਨ ਇਨ੍ਹਾਂ ਲਾਭਾਂ ਨੂੰ ਮਾਣਨ ਦੇ ਯੋਗ ਨਹੀਂ ਹਨ। ਇਨ੍ਹਾਂ ਵਰਗਾਂ ਦੇ ਨੌਜਵਾਨਾਂ ਨੂੰ ਉਚੇਰੀ ਅਤੇ ਤਕਨੀਕੀ ਸਿੱਖਿਆ ਲਈ ਪੈਰਵੀ ਕਰਨ ਦੇ ਯੋਗ ਬਣਾਉਣ ਲਈ ਮੈਂ ਉਨ੍ਹਾਂ ਵਾਸਤੇ ਸੈਂਟਰਲ ਕੋਆਪਰੇਟਿਵ ਬੈਂਕਾਂ ਦੁਆਰਾ ਕੋਰਸ ਦੇ ਸਮੇਂ ਦੌਰਾਨ 5 ਲੱਖ ਰੁਪਏ ਤੱਕ ਵਿਆਜ ਮੁਕਤ ਸਿੱਖਿਆ ਕਰਜ਼ ਮੁਹੱਈਆ ਕਰਵਾਉਣ ਦੀ ਸਕੀਮ ਦੀ ਘੋਸ਼ਣਾ ਕਰਨ ਦੀ ਖੁਸ਼ੀ ਲੈ ਰਿਹਾ ਹਾਂ। (ਥੰਪਿੰਗ) 3 ਲੱਖ ਰੁਪਏ ਤੱਕ ਦੀ ਆਮਦਨ ਵਾਲੇ ਪਰਿਵਾਰਾਂ ਦੇ ਬੱਚੇ ਇਸ ਕਰਜ਼ ਨੂੰ ਲੈਣ ਦੇ ਯੋਗ ਹੋਣਗੇ। ਕੋਰਸ ਦੀ ਅਵਧੀ ਦੌਰਾਨ ਪੂਰਾ ਵਿਆਜ ਰਾਜ ਸਰਕਾਰ ਦੁਆਰਾ ਦਿੱਤਾ ਜਾਵੇਗਾ। (ਥੰਪਿੰਗ) ਇਸ ਉਦੇਸ਼ ਵਾਸਤੇ ਸਾਲ 2016-17 ਲਈ 20 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਹੈ।

18. ਸ਼੍ਰੀਮਾਨ ਜੀ, 28-29 ਅਕਤੂਬਰ 2015 ਨੂੰ ਹੋਈ ਅਗਾਂਹ ਵਧੂ ਪੰਜਾਬ ਨਿਵੇਸ਼ ਕਾਨਫਰੰਸ - 2015 ਵਿਚ ਮਾਣਯੋਗ ਉਪ ਮੁੱਖ ਮੰਤਰੀ ਜੀ ਨੇ ਇਕ ਸਕੀਮ "ਸਟਾਰਟ ਅਪਸ" ਜੋ ਰਾਜ ਵਿਚ ਉੱਦਮੀ ਸਭਿਆਚਾਰ ਨੂੰ ਉੱਨਤ ਕਰਨ, ਨਵੀਆਂ ਨੌਕਰੀਆਂ ਦੀ ਸਿਰਜਣਾ ਅਤੇ ਬੇਰੁਜ਼ਗਾਰੀ ਵਿਚ ਕਮੀ, ਹੇਠਲੇ ਪੱਧਰ ਤੇ ਆਰਥਿਕ ਵਿਕਾਸ ਯਕੀਨੀ ਬਣਾਉਣ ਅਤੇ ਮੁਕਾਬਲੇ ਦੀ ਮਜ਼ਬੂਤੀ ਲਈ ਨਵੇਂ ਵਪਾਰਕ ਹੱਲ ਸਬੰਧੀ ਸੁਵਿਧਾਵਾਂ ਪੈਦਾ ਕਰਨ ਲਈ ਘੋਸ਼ਣਾ ਕੀਤੀ

ਸੀ। ਇਸ ਘੋਸ਼ਣਾ ਨੂੰ ਲਾਗੂ ਕਰਨ ਹਿੱਤ 100 ਕਰੋੜ ਰੁਪਏ ਦੇ ਰਾਖਵੇਂਕਰਣ ਨਾਲ ਇਕ ਨਵੀਂ ਸਕੀਮ "ਸਟਾਰਟ ਅਪਸ ਲਈ ਵਿੱਤੀ ਸਹਾਇਤਾ" ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

**ਕਿਸਾਨ**

19. ਸ਼੍ਰੋਮਣੀ ਅਕਾਲੀ ਦਲ ਭਾਜਪਾ ਸਰਕਾਰ, ਰਾਜ ਦੇ ਕਿਸਾਨਾਂ ਵੱਲੋਂ ਝੱਲੇ ਜਾ ਰਹੇ ਖੇਤੀਬਾੜੀ ਸੰਕਟ ਪ੍ਰਤੀ ਬਹੁਤ ਗੰਭੀਰ ਹੈ। ਮੇਰਾ ਦਿਲ ਬਹੁਤ ਦੁਖੀ ਹੁੰਦਾ ਹੈ ਜਦੋਂ ਮੈਂ ਕਰਜ਼ਿਆਂ ਕਾਰਨ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਸਬੰਧੀ ਪੜ੍ਹਦਾ ਹਾਂ। ਭਾਵੇਂ ਸਰਕਾਰ ਨੇ ਕਿਸਾਨਾਂ ਦੀ ਸਹਾਇਤਾ ਲਈ ਵੱਖ-ਵੱਖ ਸਕੀਮਾਂ ਲਿਆਂਦੀਆਂ ਹਨ ਪ੍ਰੰਤੂ ਅਜਿਹੀਆਂ ਸਕੀਮਾਂ ਦੀ ਹੋਰ ਵੀ ਲੋੜ ਹੈ। 5 ਏਕੜ ਤੱਕ ਦੀ ਭੂਮੀ ਵਾਲੇ ਛੋਟੇ ਅਤੇ ਸੀਮਾਂਤੀ ਕਿਸਾਨਾਂ ਨੂੰ ਪੰਜਾਹ ਹਜ਼ਾਰ ਰੁਪਏ ਪ੍ਰਤੀ ਫ਼ਸਲ, ਵਿਆਜ ਮੁਕਤ ਫ਼ਸਲ ਕਰਜ਼ ਮੁਹੱਈਆ ਕਰਾਉਣ ਦੀ ਤਜਵੀਜ਼ ਹੈ।(ਥੰਪਿੰਗ) 50 ਹਜ਼ਾਰ ਰੁਪਏ ਦੀ ਰਕਮ ਦੇ ਕਰਜ਼ ਦਾ 4 ਫ਼ੀਸਦ ਤੱਕ ਦੇ ਵਿਆਜ ਦਾ ਬੋਝ, ਜੋ ਕਿ ਪਹਿਲਾਂ ਕਿਸਾਨਾਂ ਵੱਲੋਂ ਝੱਲਿਆ ਜਾਂਦਾ ਸੀ, ਹੁਣ ਰਾਜ ਸਰਕਾਰ ਵਲੋਂ ਝੱਲਿਆ ਜਾਵੇਗਾ। (ਥੰਪਿੰਗ) ਇਸ ਤੇ ਸਰਕਾਰ ਦੇ ਲਗਭਗ 200 ਕਰੋੜ ਰੁਪਏ ਖਰਚ ਹੋਣਗੇ। ਇਸ ਨਾਲ ਰਾਜ ਦੇ 10 ਲੱਖ ਤੋਂ ਵਧੇਰੇ ਕਿਸਾਨਾਂ ਨੂੰ ਲਾਭ ਪਹੁੰਚੇਗਾ।(ਥੰਪਿੰਗ)

20. ਰਾਜ ਸਰਕਾਰ ਨੇ 'ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ' ਅਧੀਨ ਰਾਜ ਵਿਚ ਲਗਭਗ 11 ਲੱਖ ਕਿਸਾਨਾਂ ਨੂੰ ਬੀਮਾ ਮੁਹੱਈਆ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਇਸ ਸਕੀਮ ਮੁਤਾਬਿਕ ਪਰਿਵਾਰ ਦੇ ਮੁਖੀ ਦੀ ਮੌਤ ਜਾਂ ਅਪੰਗਤਾ ਦੀ ਸੂਰਤ ਵਿਚ 5 ਲੱਖ ਰੁਪਏ ਬੀਮਾ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਸਕੀਮ ਅਧੀਨ ਪਰਿਵਾਰ 50 ਹਜ਼ਾਰ ਰੁਪਏ ਪ੍ਰਤੀ ਸਾਲ ਮੁਫ਼ਤ ਡਾਕਟਰੀ ਸਹੂਲਤ ਲੈਣ ਦਾ ਹੱਕਦਾਰ ਵੀ ਹੈ।

21. ਸਰਕਾਰ ਕਿਸਾਨਾਂ ਨੂੰ ਸੁਰੱਖਿਅਤ ਅਤੇ ਸਥਿਰ ਆਮਦਨ ਮੁਹੱਈਆ ਕਰਵਾਉਣ ਦੀ ਜ਼ਰੂਰਤ ਸਬੰਧੀ ਜਾਗਰੂਕ ਹੈ ਤਾਂ ਜੋ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਦੇ ਕੇਸਾਂ ਨੂੰ ਘੱਟ ਕੀਤਾ ਜਾ ਸਕੇ। ਇਸ ਉਦੇਸ਼ ਲਈ ਸਾਡੀ ਸਰਕਾਰ ਇਕ ਨਵੀਂ ਫਾਰਮਰ ਪ੍ਰਾਵੀਡੈਂਟ ਫ਼ੰਡ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਕਮ ਪੈਨਸ਼ਨ ਸਕੀਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਵਿਚ ਸਰਕਾਰ ਵੱਲੋਂ ਬਰਾਬਰ ਦੇ ਸਾਲਾਨਾ ਅੰਸ਼ਦਾਨ ਦੀ ਵਿਵਸਥਾ ਹੋਵੇਗੀ। ਲਾਭ ਪਾਤਰ ਨੂੰ ਘੱਟੋ-ਘੱਟ 10 ਸਾਲਾਂ ਲਈ ਅੰਸ਼ਦਾਨ ਅਦਾ ਕਰਨਾ ਪਵੇਗਾ। 60 ਸਾਲ ਦੀ ਉਮਰ ਹੋ ਜਾਣ ਤੇ ਕਿਸਾਨ ਨੂੰ ਇਕੱਤਰ ਹੋਏ ਮੂਲਧਨ ਉਪਰ ਮਿਲਣਯੋਗ ਵਿਆਜ ਦੇ ਬਰਾਬਰ ਪੈਨਸ਼ਨ ਅਦਾ ਕੀਤੀ ਜਾਵੇਗੀ। ਇਹ ਸਕੀਮ ਪੰਜਾਬ ਰਾਜ ਸਹਿਕਾਰੀ ਬੈਂਕ ਦੁਆਰਾ ਇਸ ਦੀਆਂ ਵੱਖ-ਵੱਖ ਸ਼ਾਖਾਵਾਂ ਰਾਹੀਂ ਅਮਲ ਵਿਚ ਲਿਆਂਦੀ ਜਾਵੇਗੀ।(ਥੰਪਿੰਗ)

22. ਕਿਸਾਨਾਂ ਅਤੇ ਨੀਤੀ ਬਣਾਉਣ ਵਾਲਿਆਂ ਵਿਚਕਾਰ ਵਕਫ਼ੇ ਨੂੰ ਘਟਾਉਣ ਲਈ ਅਤੇ ਕਿਸਾਨਾਂ ਦੁਆਰਾ ਝੱਲੀਆਂ ਜਾ ਰਹੀਆਂ ਮੁਸ਼ਕਿਲਾਂ ਦੇ ਨਿਪਟਾਰੇ ਲਈ ਮੁਹਾਲੀ ਜ਼ਿਲ੍ਹੇ ਵਿਚ ਕਿਸਾਨ ਵਿਕਾਸ ਚੈਂਬਰ ਸਥਾਪਿਤ ਕਰਨ ਦੀ ਤਜਵੀਜ਼ ਕਰਦਾ ਹਾਂ।(ਥੰਪਿੰਗ) ਇਸ ਚੈਂਬਰ ਦਾ ਪ੍ਰਬੰਧ ਨਿਵੇਕਲੇ ਰੂਪ ਵਿਚ ਕਿਸਾਨਾਂ ਦੁਆਰਾ ਕੀਤਾ ਜਾਵੇਗਾ ਅਤੇ ਖੇਤੀਬਾੜੀ ਦੇ ਸਬੰਧਤ ਸੈਕਟਰਾਂ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ ਨੂੰ ਉਭਾਰਨ ਵਿਚ ਇਹ ਕਿਸਾਨਾਂ ਦੀ ਆਵਾਜ਼ ਵਜੋਂ ਕੰਮ ਕਰੇਗਾ। ਇਸ ਉਦੇਸ਼ ਲਈ 20 ਕਰੋੜ ਰੁਪਏ ਰਾਖਵੇਂ ਰੱਖੇ ਜਾਣ ਦੀ ਤਜਵੀਜ਼ ਹੈ।(ਥੰਪਿੰਗ)

23. ਫ਼ਸਲੀ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਪੂਰਕ ਆਮਦਨ ਵਿਚ ਵਾਧੇ ਲਈ ਉਨ੍ਹਾਂ ਨੂੰ ਵੱਖ-ਵੱਖ ਰਿਆਇਤੀ ਕਿੱਤੇ, ਜਿਵੇਂ ਕਿ ਮੱਖੀ ਪਾਲਣ, ਪੋਲਟਰੀ ਫਾਰਮ, ਡੇਅਰੀ ਫਾਰਮਿੰਗ, ਮਸ਼ਰੂਮ ਦੀ ਕਾਸ਼ਤ ਕਰਨ, ਸਬਜ਼ੀਆਂ ਉਗਾਉਣ ਆਦਿ ਲਈ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਸ਼੍ਰੀਮਾਨ ਜੀ, ਮੈਂ ਉਪਰੋਕਤ ਉਦੇਸ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੱਚੇ ਸ਼ਹਿਦ ਅਤੇ ਮੱਖੀ ਪਾਲਣ ਨਾਲ ਸਬੰਧਤ ਸਾਜ਼ੋ-ਸਾਮਾਨ ਉਪਰ ਵੈਟ ਖਤਮ ਕਰਨ ਦੀ ਤਜਵੀਜ਼ ਕਰਦਾ ਹਾਂ।(ਥੰਪਿੰਗ) ਜੋ ਮੌਜੂਦਾ ਸਮੇਂ 6.05 ਫ਼ੀਸਦ ਦੇ ਹਿਸਾਬ ਨਾਲ ਵਸੂਲਿਆ ਜਾਂਦਾ ਹੈ। ਰਾਜ ਵਿਚ ਸੂਰ ਪਾਲਣ ਦੀ ਤਰੱਕੀ ਲਈ ਸੂਰਾਂ ਦੀ ਖੁਰਾਕ, ਜਿਸ ਉਪਰ 6.05 ਫ਼ੀਸਦ ਦੀ ਦਰ ਨਾਲ ਕਰ

ਲਗਾਇਆ ਜਾਂਦਾ ਹੈ, ਨੂੰ ਵੈਟ ਤੋਂ ਮੁਕਤ ਕਰਨ ਦੀ ਤਜਵੀਜ਼ ਹੈ। ਇਨ੍ਹਾਂ ਰਿਵਾਇਤੀ ਕਿੱਤਿਆਂ ਵਿਚ ਕਿਸਾਨਾਂ ਦੀਆਂ ਨਵੀਆਂ ਪਹਿਲਕਦਮੀਆਂ ਨੂੰ ਸਾਹਮਣੇ ਲਿਆਉਣ ਅਤੇ ਹੋਰ ਦੂਸਰੇ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਉਚਿਤ ਇਨਾਮ ਰੱਖੇ ਜਾਣਗੇ।

**ਭਲਾਈ**

24. ਮੇਰੀ ਸਰਕਾਰ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਅਨੁਸੂਚਿਤ ਜਾਤੀਆਂ ਦੇ ਸਸ਼ਕਤੀਕਰਨ ਦਾ ਸਭ ਤੋਂ ਵਧੀਆ ਢੰਗ ਇਹ ਹੈ ਕਿ ਅਨੁਸੂਚਿਤ ਜਾਤੀ ਪਰਿਵਾਰਾਂ ਦੇ ਨੌਜਵਾਨਾਂ ਨੂੰ ਉਚੇਰੀ ਸਿੱਖਿਆ ਵਿਚ ਬਰਾਬਰ ਦੇ ਮੌਕੇ ਮੁਹੱਈਆ ਕਰਵਾਏ ਜਾਣ। ਪਿਛਲੇ ਕੁਝ ਸਮੇਂ ਤੋਂ ਵੇਖਣ ਵਿਚ ਆਇਆ ਹੈ ਕਿ ਕੁਝ ਪ੍ਰਾਈਵੇਟ ਯੂਨੀਵਰਸਿਟੀਆਂ/ਸੰਸਥਾਵਾਂ ਨੇ ਅਨੁਸੂਚਿਤ ਜਾਤੀ ਵਿਦਿਆਰਥੀਆਂ ਵਲੋਂ ਸਮੇਂ ਸਿਰ ਕਾਲਜ ਫ਼ੀਸ ਅਦਾਇਗੀ ਨਾ ਕਰਨ ਕਰਕੇ ਉਨ੍ਹਾਂ ਨੂੰ ਦਾਖ਼ਲਾ ਦੇਣ ਤੋਂ ਇਨਕਾਰ ਕੀਤਾ ਹੈ। ਇਸ ਸਮੱਸਿਆ ਲਈ ਅਸੀਂ ਅਨੁਸੂਚਿਤ ਜਾਤੀ ਵਜ਼ੀਫ਼ਾ ਫੰਡ ਲਈ 100 ਕਰੋੜ ਰੁਪਏ ਦੇ ਕਾਰਪਸ ਫੰਡ ਸਥਾਪਤ ਕਰਨ ਦੀ ਤਜਵੀਜ਼ ਕਰਦੇ ਹਾਂ, (ਥੰਪਿੰਗ) ਜੋ ਅਨੁਸੂਚਿਤ ਜਾਤੀ ਵਿਦਿਆਰਥੀਆਂ, ਜਿਹੜੇ ਕਿ ਉਚੇਰੀ ਸਿੱਖਿਆ ਹਾਸਲ ਕਰਨਾ ਚਾਹੁੰਦੇ ਹਨ, ਦੇ ਦਾਖਲੇ ਸਮੇਂ ਪ੍ਰਾਈਵੇਟ/ਸਰਕਾਰੀ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਦਿੱਤਾ ਜਾਵੇਗਾ। ਇਹ ਰਕਮ ਭਾਰਤ ਸਰਕਾਰ ਵਲੋਂ ਨਿਯਮਿਤ ਵਜ਼ੀਫ਼ਾ ਗ੍ਰਾਂਟ ਪ੍ਰਾਪਤ ਹੋ ਜਾਣ ਤੇ ਮੁੜ ਪੂਰੀ ਕਰ ਲਈ ਜਾਵੇਗੀ।

25. ਰਾਜ ਵਿਚ ਖੇਤੀਬਾੜੀ ਮਜ਼ਦੂਰਾਂ ਵਜੋਂ ਕੰਮ ਕਰ ਰਹੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਵਰਦੀਆਂ, ਸਕੂਲ ਬੈਗ ਅਤੇ ਲਿਖਣ ਸਮੱਗਰੀ ਮੁਹੱਈਆ ਕਰਾਉਣ ਲਈ 2016-17 ਦੀ ਸਾਲਾਨਾ ਯੋਜਨਾ ਵਿਚ 2.50 ਕਰੋੜ ਰੁਪਏ ਦੀ ਲਾਗਤ ਵਾਲੀ ਇਕ ਨਵੀਂ ਸਕੀਮ ਸ਼ਾਮਲ ਕੀਤੀ ਗਈ ਹੈ। (ਥੰਪਿੰਗ)

**ਸਿੱਖਿਆ**

26. ਸਾਡੀ ਸਰਕਾਰ ਨੇ ਸਿੱਖਿਆ ਨੂੰ ਉੱਚ ਤਰਜੀਹ ਦਿਤੀ ਹੈ। ਜਿਥੋਂ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਤੱਕ ਸੰਭਵ ਹੋਵੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਸਿੱਖਿਆ ਸੁਵਿਧਾਵਾਂ ਦੇਣ ਲਈ ਇਹ ਤਜਵੀਜ਼ ਕੀਤਾ ਗਿਆ ਹੈ ਕਿ ਰਾਜ ਵਿਚ 400 ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਵਿਚ ਅਪਗਰੇਡ ਕਰਨਾ ਹੈ । ਇਹ ਵੀ ਤਜਵੀਜ਼ ਕੀਤਾ ਗਿਆ ਹੈ ਕਿ ਸਾਲ 2016-17 ਦੌਰਾਨ 400 ਹਾਈ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਅਪਗਰੇਡ ਕਰਨਾ ਹੈ। ਇਸ ਮੰਤਵ ਲਈ 225 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

27. ਰਾਜ ਵਿਚ ਲਗਭਗ ਸਾਰੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਐਜੂਸੈੱਟ ਸਹੂਲਤ ਮੁਹੱਈਆ ਕੀਤੀ ਗਈ ਹੈ, ਜਿਸ ਦੀਆਂ ਰੈਗੂਲਰ ਕਲਾਸਾਂ ਲੱਗ ਰਹੀਆਂ ਹਨ। ਇਨ੍ਹਾਂ ਪਹਿਲ ਕਦਮੀਆਂ ਨੂੰ ਅੱਗੇ ਵਧਾਉਂਦੇ ਹੋਏ ਅਤੇ ਮਲਟੀਮੀਡੀਆ ਦੀ ਯੋਗ ਵ੍ਰਤੋਂ ਕਰਨ ਲਈ ਰਾਜ ਸਰਕਾਰ ਸਿੱਖਿਆ ਚੈਨਲ, ਵਿੱਦਿਆ ਟੀ. ਵੀ. ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਜਿਸ ਉਪਰ ਸਾਰਾ ਦਿਨ ਸਿੱਖਿਆ ਪ੍ਰੋਗਰਾਮਾਂ ਦਾ ਪ੍ਰਸਾਰਨ ਕੀਤਾ ਜਾਵੇਗਾ। ਇਹ ਚੈਨਲ ਵਿਦਿਆਰਥੀ ਆਪਣੇ ਘਰਾਂ ਵਿਚ ਬੈਠ ਕੇ ਦੇਖ ਸਕਣਗੇ। (ਥੰਪਿੰਗ)

**ਪੇਂਡੂ ਵਿਕਾਸ**

28. ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਇਹ ਸੁਪਨਾ ਹੈ ਕਿ ਪਿੰਡਾਂ ਵਿੱਚ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਸ ਸੁਪਨੇ ਨੂੰ ਪੂਰਾ ਕਰਨ ਲਈ ਸਾਡੀ ਸਰਕਾਰ ਨੇ ਸਾਲ 2016-17 ਵਿਚ 200 ਸਮਾਰਟ ਪਿੰਡਾਂ ਦਾ ਵਿਕਾਸ ਕਰਨ ਦੀ ਤਜਵੀਜ਼ ਕੀਤੀ ਹੈ ਜਿਸ ਰਾਹੀਂ ਉਨ੍ਹਾਂ ਨੂੰ 4-ਜੀ ਕੁਨੈਕਟੀਵਿਟੀ, ਸੋਲਰ ਸਟਰੀਟ ਲਾਈਟ, ਸੇਵਾ ਕੇਂਦਰ, ਸੀਵਰੇਜ ਅਤੇ ਜਲ-ਨਿਕਾਸ ਸਹੂਲਤਾਂ, ਬੈਂਕ ਬ੍ਰਾਂਚ ਅਤੇ ਮਾਡਰਨ ਸਕੂਲ ਆਦਿ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। (ਥੰਪਿੰਗ)

29. ਰਾਜ ਸਰਕਾਰ ਨੇ ਪੇਂਡੂ ਲੋਕਾਂ ਨੂੰ ਸਮਾਜਿਕ ਆਰਥਿਕ ਪੱਖਾਂ ਤੋਂ ਉਚਾ ਚੁੱਕਣ ਲਈ ਵਧੀਆ ਪੇਂਡੂ ਢਾਂਚਾ ਤਿਆਰ ਕਰਨ ਲਈ ਪੇਂਡੂ ਮਿਸ਼ਨ ਦਾ ਆਰੰਭ ਕੀਤਾ ਹੈ। ਇਸ ਮੰਤਵ ਲਈ ਪੀ ਆਈ ਡੀ ਬੀ ਵਲੋਂ 2000 ਕਰੋੜ ਰੁਪਏ ਦੀ ਰਕਮ ਉਪਲਬਧ ਕਾਰਵਾਈ

ਜਾਣੀ ਹੈ। (ਥੰਪਿੰਗ) ਇਸ ਮਿਸ਼ਨ ਦਾ ਉਦੇਸ਼ ਪੇਂਡੂ ਖੇਤਰਾਂ ਵਿਚ ਸਕੂਲ ਇਮਾਰਤਾਂ, ਹੈਲਥ ਡਿਸਪੈਂਸਰੀਆਂ, ਧਰਮਸ਼ਾਲਾਵਾਂ ਦੀ ਉਸਾਰੀ, ਸਾਫ਼ ਸੁਥਰਾ ਪੀਣ ਦਾ ਪਾਣੀ, ਖੇਡ ਸਹੂਲਤਾਂ ਆਦਿ ਮੁਹੱਈਆ ਕਰਕੇ ਬੁਨਿਆਦੀ ਢਾਂਚੇ ਵਿਚ ਵਿਕਾਸ ਕਰਨਾ ਅਤੇ ਪੇਂਡੂ ਖੇਤਰਾਂ ਵਿਚ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਨਾ ਹੈ।

30. ਪਿੰਡਾਂ ਵਿਚ ਭਾਈਚਾਰਕ ਸਾਂਝ ਵਧਾਉਣ ਲਈ ਸਾਰੇ ਪਿੰਡਾਂ ਵਿਚ ਵੱਖਰੀਆਂ ਮੜ੍ਹੀਆਂ ਦੀ ਥਾਂ ਸਾਰੀਆਂ ਸੁਵਿਧਾਵਾਂ ਨਾਲ ਲੈਸ ਸਾਂਝੀਆਂ ਮੜ੍ਹੀਆਂ ਬਣਾਉਣਾ ਜਰੂਰੀ ਹੈ। ਪੇਂਡੂ ਲੋਕਾਂ ਦੀ ਸਹਿਮਤੀ ਨਾਲ ਇਕ ਤੋਂ ਵੱਧ ਮੜ੍ਹੀਆਂ ਵਾਲੇ ਪਿੰਡਾਂ ਨੂੰ ਸਾਂਝੀਆਂ ਮੜ੍ਹੀਆਂ ਬਣਾਉਣ ਲਈ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ। ਇਸ ਸਕੀਮ ਤਹਿਤ ਹਰੇਕ ਸਾਲ ਬਲਾਕ ਅਨੁਸਾਰ 5 ਪਿੰਡਾਂ ਦੀ ਚੋਣ ਕੀਤੀ ਜਾਵੇਗੀ। (ਥੰਪਿੰਗ) ਇਸ ਸਕੀਮ ਤਹਿਤ ਹਰੇਕ ਸਾਲ 735 ਪਿੰਡਾਂ ਨੂੰ ਕਵਰ ਕੀਤਾ ਜਾਵੇਗਾ ਅਤੇ ਸਾਲ 2016-17 ਦੌਰਾਨ 36.75 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ। ਅਗਲੇ 5 ਸਾਲਾਂ ਦੌਰਾਨ ਸਾਰੇ ਪਿੰਡ, ਜਿਨ੍ਹਾਂ ਵਿਚ ਇਕ ਤੋਂ ਵੱਧ ਮੜ੍ਹੀਆਂ ਹਨ, ਨੂੰ ਕਵਰ ਕੀਤਾ ਜਾਵੇਗਾ।

31. ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਵੱਲੋਂ ਸ਼ੁਰੂ ਕੀਤੀ ਸਵੱਛ ਭਾਰਤ ਅਭਿਆਨ ਸਕੀਮ ਉਦੋਂ ਹੀ ਸਫਲ ਹੋ ਸਕਦੀ ਹੈ ਜੇਕਰ ਪਿੰਡਾਂ ਦੀ 70 ਫ਼ੀਸਦ ਆਬਾਦੀ ਇਸ ਨੂੰ ਅਪਣਾਉਂਦੀ ਹੈ। ਮੈਂ ਇਸ ਉੱਤਮ ਕਾਰਜ ਲਈ ਗ੍ਰਾਮ ਪੰਚਾਇਤਾਂ ਨੂੰ ਪ੍ਰੇਰਿਤ ਕਰਨ ਲਈ ਹਰੇਕ ਜ਼ਿਲ੍ਹੇ ਵਿਚ ਇਸ ਸਬੰਧੀ ਸ਼ਾਨਦਾਰ ਕਾਰਜ ਕਰਨ ਵਾਲੀਆਂ ਤਿੰਨ ਗ੍ਰਾਮ ਪੰਚਾਇਤਾਂ ਨੂੰ ਕ੍ਰਮਵਾਰ 5 ਲੱਖ, 3 ਲੱਖ ਅਤੇ 2 ਲੱਖ ਰੁਪਏ ਦਾ ਇਨਾਮ ਦੇਣ ਦੀ ਤਜਵੀਜ਼ ਕੀਤੀ ਹੈ। ਇਕ ਜ਼ਿਲ੍ਹਾ ਪੱਧਰੀ ਕਮੇਟੀ ਇਨ੍ਹਾਂ ਇਨਾਮਾਂ ਲਈ ਤਿੰਨ ਗ੍ਰਾਮ ਪੰਚਾਇਤਾਂ ਦੀ ਚੋਣ ਕਰਨ ਲਈ ਗਠਿਤ ਕੀਤੀ ਜਾਵੇਗੀ । ਸਾਲ 2016-17 ਲਈ 2.20 ਕਰੋੜ ਰੁਪਏ ਦੀ ਰਕਮ ਰਾਖਵੇਂ ਕਰਨ ਦੀ ਤਜਵੀਜ਼ ਹੈ।

## ਮਕਾਨ ਅਤੇ ਸ਼ਹਿਰੀ ਵਿਕਾਸ

32. ਸਾਡੀ ਸਰਕਾਰ ਸ਼ਹਿਰੀ ਖੇਤਰਾਂ ਦਾ ਸਮੁੱਚਾ ਵਿਕਾਸ ਕਰਨ ਲਈ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਵਚਨਬੱਧ ਹੈ। ਰਾਜ ਨੂੰ ਨਵੀਂਨੀਕਰਣ ਅਤੇ ਸ਼ਹਿਰੀ ਕਾਇਆ ਕਲਪ ਲਈ ਅਟਲ ਮਿਸ਼ਨ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਨਾਲ ਮਿਲਕੇ 14ਵੇਂ ਵਿੱਤ ਕਮਿਸ਼ਨ ਲਈ ਫੰਡ ਰਾਖਵੇਂਕਰਣ ਨਾਲ ਪੰਜਾਬ ਬੁਨਿਆਦੀ ਢਾਂਚਾਂ ਵਿਕਾਸ ਬੋਰਡ ਰਾਹੀਂ ਠੋਸ ਵੇਸਟ ਮੈਨੇਜਮੈਂਟ ਅਤੇ ਜਲ ਸਪਲਾਈ ਸੀਵਰੇਜ਼, ਸੀਵਰੇਜ਼ ਸ਼ੁਧੀਕਰਣ ਪਲਾਂਟਾਂ, ਸੜਕਾਂ, ਸਟਰੀਟ ਲਾਈਟਾਂ ਵਰਗੀਆਂ 100 ਫ਼ੀਸਦ ਬੁਨਿਆਦੀ ਸੁਵਿਧਾਵਾਂ ਉਪਲਬਧ ਕਰਾਉਣ ਲਈ 6,083 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰੀ ਮਿਸ਼ਨ ਦੀ ਪ੍ਰਵਾਨਗੀ ਦਿਤੀ ਹੈ।(ਥੰਪਿੰਗ) ਸ਼ਹਿਰੀ ਮਿਸ਼ਨ ਤਹਿਤ ਕਾਰਜਾਂ ਦੇ ਵਿਕਾਸ ਲਈ ਸਾਲ 2016-17 ਵਿਚ ਸ਼ਹਿਰੀ ਸਥਾਨਕ ਸਰਕਾਰਾਂ ਲਈ 2,000 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖਣ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਵੱਖ-ਵੱਖ ਵਿਕਾਸ ਕਾਰਜਾਂ ਤੇ ਸੀਵਰੇਜ਼ ਬੋਰਡ ਵਲੋਂ 1500 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।

33. ਮੇਰੀ ਸਰਕਾਰ ਨੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਲਾਭ ਲਈ ਸਭਨਾਂ ਲਈ ਮਕਾਨ (ਸ਼ਹਿਰੀ) ਹਾਊਸਿੰਗ ਨੀਤੀ ਅਧਿਸੂਚਿਤ ਕੀਤੀ ਹੈ। ਇਸ ਨੀਤੀ ਦਾ ਮੁੱਖ ਜ਼ੋਰ ਗੰਦੀਆਂ ਬਸਤੀਆਂ ਵਿਚ ਰਹਿਣ ਵਾਲਿਆਂ ਦਾ ਮੁੜ-ਵਸੇਬਾ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਮਕਾਨ ਉਪਲਬਧ ਕਰਵਾਉਣਾ ਅਤੇ ਸਮਾਜ ਦੇ ਘੱਟ ਆਮਦਨ ਵਾਲੇ ਸਮੂਹਾਂ ਨੂੰ ਮਕਾਨ ਉਪਲਬਧ ਕਰਾਉਣਾ ਹੈ। ਸਾਲ 2016-17 ਦੌਰਾਨ 50,000 ਕਿਫ਼ਾਇਤੀ ਮਕਾਨਾਂ ਦੀ ਉਸਾਰੀ ਕਰਨ ਦੀ ਤਜਵੀਜ਼ ਹੈ। (ਥੰਪਿੰਗ)

**ਰੀਅਲ ਅਸਟੇਟ**

34. ਸਾਡੀ ਸਰਕਾਰ ਘੱਟ ਆਮਦਨ ਅਤੇ ਦਰਮਿਆਨੀ ਆਮਦਨ ਵਾਲੀਆਂ ਸ਼੍ਰੇਣੀਆਂ ਨੂੰ ਸਸਤੇ ਭਾਅ ਦੇ ਮਕਾਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਆਪਣੇ ਮਕਾਨ ਦੇ ਸੁਫਨੇ ਨੂੰ ਪੂਰਾ ਕਰਨ ਲਈ ਮੈਂ ਸਾਰੇ ਸਸਤੇ ਮਕਾਨ ਪ੍ਰਾਜੈਕਟਾਂ ਉਤੇ ਸੀ ਐੱਲ ਯੂ, ਈ ਡੀ ਸੀ ਅਤੇ ਲਾਇਸੰਸ ਫ਼ੀਸ ਉਤੇ 50 ਫ਼ੀਸਦ ਦੀ ਛੋਟ ਦੇਣ ਦੀ ਤਜਵੀਜ਼ ਰੱਖਦਾ ਹਾਂ। ਇਸ ਤੋਂ ਇਲਾਵਾ ਸਸਤੇ ਭਾਅ ਦੇ ਮਕਾਨ ਖੇਤਰ ਵਿਚ

ਸਾਰੇ ਬੈ-ਨਾਮਿਆਂ ਤੇ ਲਗਾਈ ਗਈ ਅਸ਼ਟਾਮ ਫ਼ੀਸ ਤੇ 50 ਫ਼ੀਸਦ ਛੋਟ ਦੇਣ ਦੀ ਤਜਵੀਜ਼ ਹੈ। (ਥੰਪਿੰਗ) ਅਜਿਹੀਆਂ ਸਭ ਛੋਟਾਂ ਦਾ ਅੰਤਮ ਖਰੀਦਦਾਰ ਤੱਕ ਨੂੰ ਲਾਭ ਮਿਲੇਗਾ।

35. ਉਸਾਰੀਆਂ ਜਾ ਚੁੱਕੀਆਂ ਸੰਪਤੀਆਂ ਤੋਂ ਖਰੀਦਦਾਰਾਂ ਨੂੰ ਹੋਰ ਜ਼ਿਆਦਾ ਛੋਟਾਂ ਦੇਣ ਲਈ ਸਰਕਾਰ ਸਾਰੇ ਨਵੇਂ ਬਣੇ ਫਲੈਟਾਂ ਦੇ ਪਹਿਲੇ ਖਰੀਦ ਬੈਨਾਮੇ ਤੇ 20 ਫ਼ੀਸਦ ਦੀ ਅਸ਼ਟਾਮ ਡਿਊਟੀ ਤੇ ਛੋਟ ਦੇਣ ਦੀ ਤਜਵੀਜ਼ ਰੱਖਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਉਸਾਰੇ ਹੋਏ ਫਲੈਟਸ ਕਿਫ਼ਾਇਤੀ ਕੀਮਤਾਂ ਤੇ ਉਪਲਬਧ ਹਨ।

36. ਸਰਕਾਰ ਇਹ ਮੰਨਦੀ ਹੈ ਕਿ ਪਿਛਲੇ ਦੋ ਸਾਲਾਂ ਤੋਂ ਰੀਅਲ ਅਸਟੇਟ ਦੀਆਂ ਕੀਮਤਾਂ ਵਿਚ ਮੰਦੀ ਆਈ ਹੈ। ਮੌਜੂਦਾ ਮਾਰਕੀਟ ਕੀਮਤਾਂ ਨੂੰ ਮੰਨਦੇ ਹੋਏ ਪੰਜਾਬ ਸਰਕਾਰ ਦੀ ਸਾਰੇ ਰਾਜ ਵਿਚ ਅਸ਼ਟਾਮ ਦਰ ਲਈ ਵਰਤੋਂ ਵਿਚ ਲਿਆਂਦੀਆਂ ਕੁਲੈਕਟਰ ਦਰਾਂ ਨੂੰ ਘੱਟੋ ਘੱਟ 15 ਫ਼ੀਸਦ ਘਟਾਉਣ ਦੀ ਤਜਵੀਜ਼ ਦਿੱਤੀ ਹੈ। (ਥੰਪਿੰਗ) ਮੈਂ ਰਾਜ ਵਿਚ ਆਉਣ ਵਾਲੇ ਸਾਰੇ ਨਵੇਂ ਹਾਊਸਿੰਗ ਸੈਕਟਰ ਪ੍ਰਾਜੈਕਟਾਂ ਤੇ ਲਗਾਈ ਗਈ ਲਾਇਸੰਸ ਫ਼ੀਸ ਅਤੇ ਸੀ ਐੱਲ ਯੂ,ਈ ਡੀ ਸੀ ਤੇ 25 ਫ਼ੀਸਦ ਦੀ ਛੋਟ ਦੀ ਤਜਵੀਜ਼ ਵੀ ਦਿੰਦਾ ਹਾਂ। (ਥੰਪਿੰਗ) ਇਹ ਛੋਟ ਚੱਲ ਰਹੇ ਸਾਰੇ ਪ੍ਰਾਜੈਕਟਾਂ ਦੀਆਂ ਨਵੀਆਂ ਐਕਸਟੈਂਸ਼ਨਾਂ ਤੇ ਵੀ ਹੋਵੇਗੀ ਜੋ ਕਿ ਹੁਣ ਤੋਂ ਅੱਗੇ ਹੱਥ ਵਿਚ ਲਈਆਂ ਜਾਣਗੀਆਂ ।

**ਉਦਯੋਗ**

37. ਸ਼੍ਰੀਮਾਨ ਜੀ, ਮੈਨੂੰ ਇਹ ਗੱਲ ਸਾਂਝੀ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਭਾਰਤ ਸਰਕਾਰ ਅਤੇ ਵਿਸ਼ਵ ਬੈਂਕ ਵੱਲੋਂ ਸਤੰਬਰ, 2015 ਵਿਚ ਜਾਰੀ ਕੀਤੀ ਰਿਪੋਰਟ ਵਿਚ ਪੰਜਾਬ ਨੂੰ ਭਾਰਤ ਵਿਚ 'ਨਵਾਂ ਵਪਾਰ ਸਥਾਪਿਤ ਕਰਨ ਲਈ' ਉੱਤਮ ਰਾਜ ਵਜੋਂ ਚੁਣਿਆ ਗਿਆ ਹੈ। (ਥੰਪਿੰਗ) ਉਨ੍ਹਾਂ ਵੱਲੋਂ ਸਾਡੇ 'ਇਨਵੈਸਟ ਪੰਜਾਬ' ਦੇ ਮਾਡਲ ਦੀ ਸ਼ਲਾਘਾ ਕੀਤੀ ਗਈ ਹੈ ਅਤੇ ਹੋਰਨਾਂ ਰਾਜਾਂ ਨੂੰ ਇਸ ਨੂੰ ਅਪਨਾਉਣ ਦੀ ਸਿਫ਼ਾਰਸ਼ ਕੀਤੀ ਹੈ। ਇਨਵੈਸਟ ਪੰਜਾਬ ਵੱਲੋਂ ਸਾਰੇ ਨਿਵੇਸ਼ਾਂ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਦੀਆਂ ਨਿਯੰਤ੍ਰਿਕ ਪਰਵਾਨਗੀਆਂ ਅਤੇ ਵਿੱਤੀ ਪ੍ਰੋਤਸਾਹਨਾਂ ਨੂੰ ਸਿੰਗਲ ਵਿੰਡੋ ਪ੍ਰਣਾਲੀ ਰਾਹੀਂ ਜਾਰੀ ਕੀਤਾ ਜਾ ਰਿਹਾ ਹੈ, ਭਾਵੇਂ ਇਹ ਨਵੇਂ ਨਿਵੇਸ਼ਕਾਰ ਹੋਣ ਜਾਂ ਰਾਜ ਵਿਚ ਮੌਜੂਦਾ ਉਦਯੋਗਾਂ ਵਿਚ ਵਿਸਥਾਰ ਕਰਨ ਲਈ ਹੋਣ। ਇਹ ਬਿਊਰੋ ਲਗਭਗ ਦੋ ਸਾਲਾਂ ਤੋਂ ਕਾਰਜਸ਼ੀਲ ਹੋ ਗਿਆ ਹੈ ਅਤੇ ਇਸ ਨੂੰ 292 ਤਜਵੀਜ਼ਾਂ ਪ੍ਰਾਪਤ ਹੋਈਆਂ ਹਨ, ਜਿਹਨਾਂ ਨਾਲ ਅੰਦਾਜ਼ਨ 19,114 ਕਰੋੜ ਰੁਪਏ ਦੇ ਨਿਵੇਸ਼ ਨਾਲ 1,42,000 ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੋਵੇਗਾ।

38. ਸਾਨੂੰ ਵਿਸ਼ਵਾਸ ਹੈ ਕਿ ਪੰਜਾਬ ਹੁਣ ਨਵੇਂ ਨਿਵੇਸ਼ਾਂ ਲਈ ਇੱਕ ਆਦਰਸ਼ ਮੁਕਾਮ ਹੈ ਕਿਉਂਕਿ ਅਸੀਂ ਨਿਵੇਸ਼ਕਾਂ ਨੂੰ ਸ਼ਾਂਤਮਈ ਅਤੇ ਸਥਿਰ ਵਾਤਾਵਰਣ, ਵਾਧੂ ਅਤੇ ਗੁਣਵੱਤਾ ਵਾਲੀ ਬਿਜਲੀ, ਸ਼ਾਨਦਾਰ ਸੜਕੀ ਅਤੇ ਹਵਾਈ ਸੰਪਰਕ, ਉੱਚ ਉਤਪਾਦਕਤਾ ਵਾਲੇ ਉੱਦਮੀ ਅਤੇ ਸਖ਼ਤ ਮਿਹਨਤ ਕਰਨ ਵਾਲੇ ਪੰਜਾਬੀ, ਵਧੇਰੇ ਸ਼ਾਂਤਮਈ ਉਦਯੋਗਿਕ ਸੰਪਰਕ, ਆਕਰਸ਼ਿਤ ਵਿੱਤੀ ਪ੍ਰੇਰਕ ਨੀਤੀ, ਨਵੇਂ ਵਪਾਰ ਸਥਾਪਤ ਕਰਨ ਦੀ ਸੌਖ ਅਤੇ ਇਕ ਖੁਸ਼ਹਾਲ ਅਰਥ ਵਿਵਸਥਾ ਦਾ ਯਕੀਨ ਦਿਵਾ ਸਕਦੇ ਹਾਂ। ਹੁਣ ਅਸੀਂ ਆਹਲਾ ਦਰਜੇ ਦੇ ਫਿਜ਼ੀਕਲ ਈਕੋ ਸਿਸਟਮ ਦੇ ਨਿਰਮਾਣ ਦੀ ਪ੍ਰਕ੍ਰਿਆ ਵਿਚ ਹਾਂ। ਜਿਥੇ ਵਿਸ਼ੇਸ਼ ਸੈਕਟਰ ਉਦਯੋਗਿਕ ਪਾਰਕਾਂ ਅਤੇ ਇਨਕਲੇਵਜ਼ ਦੁਆਰਾ ਸਬੰਧਤ ਸੈਕਟਰ ਤਰੱਕੀ ਕਰ ਸਕਦੇ ਹਨ। ਅਸੀਂ ਭਾਰਤ ਸਰਕਾਰ ਦੇ ਖੁਰਾਕ ਮੰਤਰਾਲਾ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਰਾਜ ਨੂੰ ਸਾਲ ਦੌਰਾਨ ਦੋ ਮੈਗਾ ਫੂਡ ਪਾਰਕਾਂ ਦੀ ਪ੍ਰਵਾਨਗੀ ਦਿੱਤੀ ਹੈ। (ਥੰਪਿੰਗ) ਇਨ੍ਹਾਂ ਵਿਚੋਂ ਇਕ ਪੰਜਾਬ ਐਗਰੋ ਉਦਯੋਗ ਨਿਗਮ ਦੁਆਰਾ ਲੁਧਿਆਣਾ ਨੇੜੇ ਅਤੇ ਦੂਸਰਾ ਨਿੱਜੀ ਖੇਤਰ ਵਿਚ ਫਗਵਾੜਾ ਨੇੜੇ ਸਥਾਪਿਤ ਕੀਤਾ ਜਾਵੇਗਾ। ਨਿਸ਼ਚਿਤ ਰੂਪ ਵਿਚ ਇਹ ਪਾਰਕ ਨਵੇਂ ਨਿਵੇਸ਼ਕਾਂ ਦੇ ਆਕਰਸ਼ਣ ਅਤੇ ਸਾਂਝੇ ਬੁਨਿਆਦੀ ਢਾਂਚੇ ਦੀ ਸਿਰਜਣਾ ਦੁਆਰਾ ਦਰਮਿਆਨੇ ਅਤੇ ਛੋਟੇ ਦਰਜੇ ਦੇ ਫੂਡ ਪ੍ਰਾਸੈਸਿੰਗ ਉਦਯੋਗ ਨੂੰ ਵਿਕਾਸ ਸਬੰਧੀ ਹੁਲਾਰਾ ਦੇਣਗੇ।

39. ਉਦਯੋਗਿਕ ਤਰੱਕੀ ਲਈ ਵਿੱਤੀ ਪ੍ਰੋਤਸਾਹਨ ਦੇਣ ਦੀ ਸਾਡੀ ਨੀਤੀ ਨਵੇਂ ਨਿਵੇਸ਼ਕਾਂ ਅਤੇ ਮੌਜੂਦਾ ਉਦਯੋਗ ਨੂੰ ਵੈਟ ਅਤੇ ਸੀ ਐਸ ਟੀ

ਰਿਟੈਂਸ਼ਨ ਦੁਆਰਾ ਅਤੇ ਬਿਜਲੀ ਮਹਿਸੂਲ, ਅਸ਼ਟਾਮ ਡਿਊਟੀ ਅਤੇ ਸੰਪਤੀ ਕਰ ਦੀਆਂ ਛੋਟਾਂ ਰਾਹੀਂ ਨਵੇਂ ਪ੍ਰੇਰਕ ਮੁਹੱਈਆ ਕਰਦੀ ਹੈ। ਸਾਡੀ ਇਸ ਨੀਤੀ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਹੁਣ ਰਾਜ ਲਈ ਆਪਣੀਆਂ ਸਾਰੀਆਂ ਤਾਕਤਾਂ ਦੀ ਮੰਤਵ ਸਿੱਧੀ ਦਾ ਸਮਾਂ ਹੈ। ਇਸ ਸਮੇਂ ਸਾਡਾ ਰਾਜ ਵਾਧੂ ਬਿਜਲੀ ਵਾਲਾ ਸੂਬਾ ਹੈ ਅਤੇ ਅਸੀਂ ਇਸ ਦੀ ਵਰਤੋਂ ਉਦਯੋਗਿਕ ਉਤਪਾਦਨ ਵਿਚ ਵਾਧੇ ਲਈ ਕਰਨਾ ਚਾਹੁੰਦੇ ਹਾਂ। ਜਿਸ ਨਾਲ ਹੋਰ ਵਧੇਰੇ ਨੌਕਰੀਆਂ ਦੀ ਸਿਰਜਣਾ ਦੇ ਨਾਲ-ਨਾਲ ਸਾਡੀ ਅਰਥ ਵਿਵਸਥਾ ਵਿਚ ਤਰੱਕੀ ਹੋਵੇਗੀ। ਜਿਵੇਂ ਕਿ ਹੁਣ ਅਸੀਂ ਸਾਰੇ ਨਵੇਂ ਨਿਵੇਸ਼ਕਾਰਾਂ ਨੂੰ ਉਨ੍ਹਾਂ ਦੇ ਵਪਾਰਕ ਉਤਪਾਦਨ ਦੀ ਮਿਤੀ ਤੋਂ ਪੰਜ ਸਾਲ ਦੇ ਸਮੇਂ ਤੱਕ ਅਤੇ ਮੌਜੂਦਾ ਉਦਯੋਗ ਨੂੰ ਉਨ੍ਹਾਂ ਦੀ ਵਧੀ ਹੋਈ ਵਧੀਕ ਬਿਜਲੀ ਖਪਤ ਉਪਰ 4.99 ਰੁਪਏ ਪ੍ਰਤੀ ਯੂਨਿਟ ਦੀ ਦਰ ਨਾਲ ਬਿਜਲੀ ਦੀ ਪੇਸ਼ਕਸ਼ ਕਰ ਰਹੇ ਹਾਂ। (ਥੰਪਿੰਗ)

40. ਰਾਜ ਸਰਕਾਰ ਦੇਸ਼ ਦੇ ਅੰਨ ਭੰਡਾਰ ਵਜੋਂ ਆਪਣੀ ਤਾਕਤ ਦੀ ਵਰਤੋਂ ਕਰਦੇ ਹੋਏ ਪੰਜਾਬ ਨੂੰ ਭਾਰਤ ਵਿਚ ਫੂਡ ਪ੍ਰਾਸੈਸਿੰਗ ਉਦਯੋਗ ਦਾ ਕੇਂਦਰ ਬਣਾਉਣਾ ਚਾਹੁੰਦੀ ਹੈ। ਪੰਜਾਬ ਵਿਚ ਨਵੇਂ ਫੂਡ ਪ੍ਰਾਸੈਸਿੰਗ ਯੂਨਿਟਾਂ ਦੀ ਸਥਾਪਤੀ ਦੇ ਪ੍ਰੋਤਸਾਹਨ ਲਈ ਅਸੀਂ ਫੈਸਲਾ ਕੀਤਾ ਹੈ ਕਿ 28 ਅਕਤੂਬਰ, 2015 ਤੋਂ ਬਾਅਦ ਹੋਂਦ ਵਿਚ ਆਉਣ ਵਾਲੇ ਸਾਰੇ ਫੂਡ ਪ੍ਰਾਸੈਸਿੰਗ ਯੂਨਿਟਾਂ ਦੇ ਵਪਾਰਕ ਉਤਪਾਦਨ ਉਪਰ ਖੇਤੀਬਾੜੀ ਲਾਗਤਾਂ ਉਪਰ ਕੋਈ ਟੈਕਸ ਨਹੀਂ ਲੱਗੇਗਾ। (ਥੰਪਿੰਗ)

41. ਭਾਰਤ ਵਿਚ ਲੁਧਿਆਣਾ ਲੰਮੇ ਸਮੇਂ ਤੋਂ ਸਾਈਕਲ ਅਤੇ ਸਾਈਕਲ ਪੁਰਜ਼ਾ ਉਦਯੋਗ ਦਾ ਕੇਂਦਰ ਬਣਿਆ ਹੋਇਆ ਹੈ। ਗਰੀਨ ਟ੍ਰਾਂਸਪੋਰਟੇਸ਼ਨ ਅਤੇ ਤੰਦਰੁਸਤ ਜੀਵਨ ਵਿਧੀ ਦੇ ਵਧਦੇ ਰੁਝਾਨਾਂ ਕਾਰਨ ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਉਦਯੋਗ ਦਾ ਭਵਿੱਖ ਸੁਨਿਹਰਾ ਹੈ। ਇਸ ਉਦਯੋਗ ਨੂੰ ਉੱਚ ਵਿਕਾਸ ਮਾਰਗ ਤੇ ਲਿਆਉਣ ਲਈ ਅਸੀਂ ਇਸ ਸਾਲ ਲੁਧਿਆਣਾ ਵਿਚ ਲਗਭਗ 300 ਏਕੜ ਭੂਮੀ ਵਿਚ ਆਹਲਾ ਦਰਜੇ ਦੀਆਂ ਆਮ ਸੁਵਿਧਾਵਾਂ ਵਾਲੇ ਹਾਈਟੈੱਕ ਸਾਈਕਲ ਵੈਲੀ ਦੀ ਸਥਾਪਨਾ ਦੀ ਤਜਵੀਜ਼ ਰੱਖਦੇ ਹਾਂ ਜੋ ਕਿ ਸਥਾਨਕ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸਾਈਕਲ ਉਦਯੋਗ ਨੂੰ ਹੁਲਾਰਾ ਦੇਵੇਗਾ। (ਥੰਪਿੰਗ) ਇਸ ਤੋਂ ਇਲਾਵਾ ਅਸੀਂ ਪਟਿਆਲਾ, ਰਾਜਪੁਰਾ ਨੇੜੇ ਲਗਭਗ 200 ਏਕੜ ਵਿਚ ਉਦਯੋਗਿਕ ਉਤਪਾਦਨ ਕਲੱਸਟਰ ਦੀ ਸਥਾਪਤੀ ਵੀ ਕਰਾਂਗੇ। ਇਹ ਦੋਵੇਂ ਉਦਯੋਗਿਕ ਇਨਕਲੇਵ ਫਰਾਈਟ ਕਾਰੀਡੋਰ ਦੇ ਨਾਲ ਅੰਮ੍ਰਿਤਸਰ-ਕੋਲਕਾਤਾ ਉਦਯੋਗਿਕ ਕਾਰੀਡੋਰ ਦਾ ਹਿੱਸਾ ਹੋਣਗੇ ਜੋ ਕਿ ਪੰਜਾਬ ਰਾਜ ਵਿਚ ਉਦਯੋਗ ਅਤੇ ਵਪਾਰ ਦੀ ਤਰੱਕੀ ਵਿਚ ਸਹਾਇਤਾ ਕਰੇਗਾ। ਸਾਡੀ ਸਰਕਾਰ ਨੇ ਉਦਯੋਗਿਕ ਫੋਕਲ ਪੁਆਇੰਟਾਂ ਵਿਚ ਕਿਸੇ ਵੀ ਸਮੇਂ ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਵਿਚ ਉਦਮੀਆਂ ਦੀ ਸੌਖ ਲਈ 'ਆਨ ਗੋਇੰਗ ਅਲਾਟਮੈਂਟ ਸਕੀਮ' ਵੀ ਸ਼ੁਰੂ ਕੀਤੀ ਹੈ।

42. ਪੰਜਾਬ ਵਿਚ ਉਦਯੋਗ ਸਥਾਪਿਤ ਕਰਨ ਲਈ ਅਤੇ ਘਰੇਲੂ ਉਤਪਾਦਨ ਖੇਤਰ ਦੀ ਤਰੱਕੀ ਲਈ ਮੈਂ ਰਾਜ ਖਰੀਦ ਨੀਤੀ ਵਿਚ ਉਚਿਤ ਤਰਮੀਮ ਦੀ ਤਜਵੀਜ਼ ਕਰਦਾ ਹਾਂ। ਇਹ ਨੀਤੀ ਰਾਜ ਸਰਕਾਰ, ਬੋਰਡਾਂ ਅਤੇ ਨਗਰ ਨਿਗਮਾਂ ਨੂੰ ਪੰਜਾਬ ਵਿਚ ਸਥਾਨਕ ਤੌਰ ਤੇ ਉਤਪਾਦਨ ਕੀਤੀਆਂ ਵਸਤੂਆਂ ਨੂੰ ਖਰੀਦਣ ਦੇ ਯੋਗ ਬਣਾਏਗੀ।

**ਆਬਕਾਰੀ ਅਤੇ ਕਰ**

43. ਕੱਪੜਾ ਅਤੇ ਕਤਾਈ ਉਦਯੋਗ ਨੇ ਰਾਜ ਨੂੰ ਮਾਣ ਦਿਵਾਇਆ ਹੈ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਪਹਿਚਾਣ ਬਣਾਈ ਹੈ। ਉਤਰ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਵਰਗੇ ਗੁਆਂਢੀ ਰਾਜ, ਜਿਹੜੇ ਕਿ ਧਾਗੇ ਦੇ ਮੁੱਖ ਸਪਲਾਈਕਾਰਾਂ ਵੱਜੋਂ ਉਭਰ ਕੇ ਸਾਹਮਣੇ ਆਏ ਹਨ, ਦੁਆਰਾ ਅੰਤਰਰਾਜੀ ਸੀ.ਐੱਸ.ਟੀ. ਦਰਾਂ ਵਿਚ ਕਟੌਤੀ ਕਾਰਨ ਪੰਜਾਬ ਵਿਚ ਕਤਾਈ ਉਦਯੋਗ ਮੁੱਖ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਇਹ ਤਜਵੀਜ਼ ਕੀਤੀ ਗਈ ਹੈ ਕਿ ਕਪਾਹ ਅਤੇ ਹੋਰ ਦੂਸਰੀ ਕਿਸਮ ਦੇ ਧਾਗਿਆਂ (100 ਫ਼ੀਸਦ ਪਾਲਿਸਟਰ ਫਿਲਾਮੈਂਟ ਧਾਗੇ ਤੋਂ ਇਲਾਵਾ) ਉਪਰ ਵੈਟ 6.05 ਫ਼ੀਸਦ ਤੋਂ ਘਟਾਅ ਕੇ 3.63 ਫ਼ੀਸਦ ਕਰਕੇ ਇਸ ਸੈਕਟਰ ਨੂੰ ਰਾਹਤ ਦਿੱਤੀ ਜਾਵੇ। (ਥੰਪਿੰਗ) ਇਸ ਪ੍ਰੋਤਸਾਹਨ ਨਾਲ ਰਾਜ ਦੇ ਕਤਾਈਕਾਰਾਂ ਨੂੰ ਮੁਕਾਬਲੇ ਦਾ ਖੇਤਰ ਮਿਲੇਗਾ ਅਤੇ ਉਨ੍ਹਾਂ ਨੂੰ ਕੌਮੀ

ਪੱਧਰ ਤੇ ਮੁਕਾਬਲਾ ਕਰਨ ਦੇ ਯੋਗ ਬਣਾਏਗਾ।

44. ਰਾਜ ਸਰਕਾਰ ਆਮ ਜਨਤਾ ਲਈ 'ਆਪਣੀ ਟੈਕਸ ਸਕੀਮ' ਸ਼ੁਰੂ ਕਰਨ ਦੀ ਤਜਵੀਜ਼ ਰੱਖਦੀ ਹੈ। ਇਸ ਸਕੀਮ ਨੂੰ ਸ਼ੁਰੂ ਕਰਨ ਦਾ ਮੁੱਖ ਉਦੇਸ਼ ਗਾਹਕਾਂ ਨੂੰ ਪਰਚੂਨ ਵਿਕ੍ਰੇਤਾਵਾਂ ਤੋਂ ਬਿੱਲ ਪ੍ਰਾਪਤ ਕਰਨ ਵਿਚ ਉਤਸਾਹਿਤ ਕਰਨਾ ਹੈ ਜਿਸ ਨਾਲ ਵਿਧੀ ਪੂਰਵਕ, ਬਿਨਾ ਧੱਕੇਸ਼ਾਹੀ ਅਤੇ ਗੈਰ-ਨਿਯੰਤ੍ਰਿਕ ਢੰਗ ਨਾਲ ਕਰ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ। ਇਕ ਮੋਬਾਇਲ ਐਪਲੀਕੇਸ਼ਨ ਵਿਕਸਿਤ ਕੀਤੀ ਜਾਵੇਗੀ ਜਿਸ ਵਿਚ ਗਾਹਕਾਂ ਨੂੰ ਆਪਣੇ ਬਿਲ ਅੱਪਲੋਡ ਕਰਨ ਦੀ ਸੁਵਿਧਾ ਦਿੱਤੀ ਜਾਵੇਗੀ ਅਤੇ ਸਮੇਂ ਸਮੇਂ ਤੇ ਡਰਾਅ ਕੱਢੇ ਜਾਣਗੇ ਅਤੇ ਸਫਲ ਇੰਦਰਾਜ ਕਰਨ ਵਾਲਿਆਂ ਨੂੰ ਆਕਰਸ਼ਿਤ ਇਨਾਮ ਦਿੱਤੇ ਜਾਣਗੇ।

**ਬਿਜਲੀ**

45. ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਮੁੱਚੇ ਦੇਸ਼ ਵਿੱਚ ਕਿਸਾਨਾਂ ਦੇ ਹੱਕਾਂ ਲਈ ਹਮੇਸ਼ਾ ਹੀ ਜੱਦੋ ਜਹਿਦ ਕੀਤੀ ਹੈ ਅਤੇ ਉਹਨਾਂ ਨੂੰ ਦੇਸ਼ ਭਰ ਵਿੱਚ ਕਿਸਾਨਾਂ ਦੇ ਮਸੀਹਾ ਵੱਜੋਂ ਜਾਣਿਆ ਜਾਂਦਾ ਹੈ ਉਹਨਾਂ ਦੀ ਇਸ ਸੋਚ ਨੂੰ ਅੱਗੇ ਲਿਜਾਂਦੇ ਹੋਏ ਮੈਂ ਤਜ਼ਵੀਜ ਕਰਦਾ ਹਾਂ ਕਿ 2.5 ਏਕੜ ਤੋਂ ਘੱਟ ਜ਼ਮੀਨ ਵਾਲੇ ਛੋਟੇ ਅਤੇ ਦਰਮਿਆਨੇ ਕਿਸਾਨਾਂ, ਜਿਨ੍ਹਾਂ ਕੋਲ ਆਪਣਾ ਕੁਨੈਕਸ਼ਨ ਨਹੀਂ ਹੈ, ਨੂੰ ਪਹਿਲ ਦੇ ਅਧਾਰ ਤੇ ਨਵਾਂ ਕੁਨੈਕਸ਼ਨ ਦਿੱਤਾ ਜਾਵੇਗਾ। (ਥੰਪਿੰਗ) ਇਹ ਸਹੂਲਤ ਉਹਨਾਂ ਕਿਸਾਨਾਂ ਨੂੰ ਦਿੱਤੀ ਜਾਵੇਗੀ ਜਿਹਨਾਂ ਨੇ ਅੱਜ ਤੱਕ ਕਿਸੇ ਵੀ ਸਕੀਮ ਤਹਿਤ ਕੁਨੈਕਸ਼ਨ ਲਈ ਅਪਲਾਈ ਕੀਤਾ ਹੈ। ਇਸ ਤੋਂ ਇਲਾਵਾ ਮੈਨੂੰ ਇੱਥੇ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਏ.ਪੀ. ਨੀਤੀ ਮੁਤਾਬਿਕ ਬਿਨੈਕਾਰਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ, ਜਿਨ੍ਹਾਂ ਨੂੰ ਡੀਮਾਂਡ ਨੋਟਿਸ ਜਾਰੀ ਹੋ ਚੁੱਕੇ ਹਨ, 1.65 ਲੱਖ ਟਿਊਬਵੈਲ ਕੁਨੈਕਸ਼ਨ ਮੁਹੱਈਆ ਕਰਵਾਏ ਜਾਣਗੇ। (ਥੰਪਿੰਗ)

46. ਪੰਜਾਬ ਸਰਕਾਰ ਕੁਸ਼ਲਤਾ ਵਧਾਉਣ ਅਤੇ ਬਿਜਲੀ ਸਬਸਿਡੀ ਨੂੰ ਘਟਾਉਣ ਲਈ ਪਹਿਲਕਦਮੀਆਂ ਕਰਦਿਆਂ ਅਗਲੇ ਦੋ ਸਾਲਾਂ ਤੱਕ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਬਿਜਲੀ ਮੰਤਰਾਲੇ ਦੇ ਸਹਿਯੋਗ ਨਾਲ 'ਐਨਰਜੀ ਐਫੀਸ਼ੈਂਸੀ ਸਰਵਿਸਜ਼ ਲਿਮਟਿਡ' ਨਾਲ ਮਿਲ ਕੇ ਪੁਰਾਣੇ ਪੰਪ ਸੈੱਟਾਂ ਦੀ ਥਾਂ ਬਿਜਲੀ ਕੁਸ਼ਲਤਾ ਪੰਪ ਸੈੱਟ ਲਾਉਣ ਦੀ ਚਾਹਵਾਨ ਹੈ। ਕੰਪਨੀ ਇਹ ਪੰਪ ਸੈੱਟ ਕਿਸਾਨਾਂ ਨੂੰ ਮੁਫ਼ਤ ਸਪਲਾਈ ਕਰੇਗੀ ਅਤੇ ਇਨ੍ਹਾਂ ਦੀ ਸਥਾਪਤੀ ਦੀ ਮਿਤੀ ਤੋਂ 5 ਸਾਲਾਂ ਦੇ ਸਮੇਂ ਤੱਕ ਇਨ੍ਹਾਂ ਟਿਊਬਵੈੱਲ ਪੰਪ ਸੈਟਾਂ ਦੀ ਸਾਂਭ-ਸੰਭਾਲ ਵੀ ਕਰੇਗੀ ਜਿਸ ਨਾਲ 30 ਫ਼ੀਸਦ ਤੱਕ ਬਿਜਲੀ ਦੀ ਖਪਤ ਵਿਚ ਵੀ ਕਮੀ ਆਵੇਗੀ। (ਥੰਪਿੰਗ)

47. ਰਾਜ ਵਿਚ 8,263 ਡੇਰਿਆਂ ਅਤੇ ਢਾਣੀਆਂ ਦੀ ਸ਼ਨਾਖਤ ਕੀਤੀ ਗਈ ਹੈ ਜਿਨ੍ਹਾਂ ਨੂੰ 24 ਘੰਟੇ ਸ਼ਹਿਰੀ ਪੈਟਰਨ ਸਪਲਾਈ ਨਾਲ ਅਜੇ ਜੋੜਿਆ ਜਾਣਾ ਹੈ। ਇਨ੍ਹਾਂ ਡੇਰਿਆਂ ਅਤੇ ਢਾਣੀਆਂ ਨੂੰ 24 ਘੰਟੇ ਸ਼ਹਿਰੀ ਪੈਟਰਨ ਸਪਲਾਈ ਨਾਲ ਜੋੜਨ ਲਈ ਇਸ ਸਾਲ 102 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ। (ਥੰਪਿੰਗ)

## ਸਿਹਤ ਅਤੇ ਪਰਿਵਾਰ ਭਲਾਈ

48. ਸਾਡੀ ਸਰਕਾਰ ਆਪਣੇ ਨਾਗਰਿਕਾਂ ਨੂੰ ਵਧੀਆ ਸਿਹਤ ਸੇਵਾਵਾਂ ਦੇਣ ਨੂੰ ਉਚ ਤਰਜੀਹ ਦਿੰਦੀ ਹੈ। ਅਸੀਂ ਪਿਛਲੇ ਚਾਰ ਸਾਲਾਂ ਵਿਚ ਇਸ ਸਬੰਧੀ ਬਹੁਤ ਕਦਮ ਉਠਾਏ ਹਨ। ਇਕ ਵੱਡੀ ਪੁਲਾਂਘ ਪੁੱਟਦੇ ਹੋਏ ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਰਾਜ ਵਿੱਚ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ 2,000 ਅਜਿਹੇ ਕੇਂਦਰ ਸਥਾਪਿਤ ਕੀਤੇ ਜਾਣਗੇ ਜਿੱਥੇ ਇਨ੍ਹਾਂ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਆਉਣ ਵਾਲੇ ਸਾਰੇ ਮਰੀਜ਼ਾਂ ਨੂੰ 218 ਜ਼ਰੂਰੀ ਦਵਾਈਆਂ ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਖੂਨ, ਪਿਸ਼ਾਬ ਅਤੇ ਹੋਰ ਮੁਢਲੇ ਟੈਸਟ ਮੁਫ਼ਤ ਅਤੇ ਪਹਿਲੇ 24 ਘੰਟੇ ਮੁਫ਼ਤ ਐਮਰਜੈਂਸੀ ਇਲਾਜ ਮੁਹੱਈਆ ਕਰਵਾਇਆ ਜਾਵੇਗਾ। (ਥੰਪਿੰਗ)

49. ਸ਼੍ਰੀਮਾਨ ਜੀ, ਸਾਰੀਆਂ ਗਰਭਵਤੀ ਮਹਿਲਾਵਾਂ ਨੂੰ ਗਰਭਧਾਰਨ ਤੋਂ ਜਣੇਪੇ ਤੱਕ ਦੇ ਸਮੇਂ ਦੌਰਾਨ ਮੁਫ਼ਤ ਸੇਵਾਵਾਂ, ਜਿਨ੍ਹਾਂ ਵਿਚ ਸਮੁੱਚਾ ਇਲਾਜ, ਖੁਰਾਕ, ਹਸਪਤਾਲ ਤੋਂ ਲਿਆਉਣ ਅਤੇ ਲੈ ਜਾਣ ਤੱਕ ਉਪਲਬਧ ਕਰਵਾਈਆਂ ਗਈਆਂ ਹਨ ਤਾਂ ਜੋ ਸਾਡੀ ਨਵੀਂ ਪੀੜ੍ਹੀ

ਸਿਹਤਮੰਦ ਹੋਵੇ। ਬਾਲੜੀਆਂ ਲਈ ਵਿਸ਼ੇਸ਼ ਕਦਮ ਵਜੋਂ, ਦੇਸ਼ ਵਿਚ ਕੇਵਲ ਪੰਜਾਬ ਹੀ ਇਕ ਅਜਿਹਾ ਰਾਜ ਹੈ ਜਿੱਥੇ 5 ਸਾਲ ਦੀ ਉਮਰ ਤੱਕ ਲੜਕੀਆਂ ਨੂੰ ਮੁਫ਼ਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। (ਥੰਪਿੰਗ)

50. ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ 25 ਲੱਖ ਪਰਿਵਾਰਾਂ ਨੂੰ 50,000 ਰੁਪਏ ਪ੍ਰਤੀ ਸਾਲ ਦਾ ਸਿਹਤ ਬੀਮਾ ਕਵਰ ਅਤੇ 2 ਲੱਖ ਉਸਾਰੀ ਮਜ਼ਦੂਰਾਂ ਅਤੇ ਛੋਟੇ ਵਪਾਰੀ ਵੀ ਇਸ ਅਧੀਨ ਕਵਰ ਕੀਤੇ ਗਏ ਹਨ। ਮੁੱਖ ਮੰਤਰੀ ਕੈਂਸਰ ਰਾਹਤ ਰਲੀਫ਼ ਫੰਡ ਜੋ ਕਿ ਦੇਸ਼ ਵਿਚ ਇਕ ਹੋਰ ਵਿਲੱਖਣ ਪ੍ਰੋਗਰਾਮ ਹੈ ਅਧੀਨ ਸੂਚੀਬੱਧ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਕੈਂਸਰ ਦੇ ਮਰੀਜ਼ਾਂ ਨੂੰ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਨਸ਼ਾ-ਮੁਕਤੀ ਅਤੇ ਮੁੜ ਵਸੇਬੇ ਲਈ ਪੰਜਾਬ ਵਿਚ ਜੋ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ, ਉਨ੍ਹਾਂ ਦਾ ਦੇਸ਼ ਵਿਚ ਕੋਈ ਮੁਕਾਬਲਾ ਨਹੀਂ।

51. ਪਿਛਲੇ 4 ਸਾਲਾਂ ਵਿਚ ਅਸੀਂ ਵੱਡੀ ਗਿਣਤੀ ਵਿਚ ਡਾਕਟਰਾਂ ਦੀ ਭਰਤੀ ਕੀਤੀ ਹੈ ਅਤੇ ਜ਼ਰੂਰਤਾਂ ਪੂਰੀਆਂ ਕਰਨ ਲਈ ਅਮਲੇ ਦੀ ਭਰਤੀ ਕੀਤੀ ਜਾ ਰਹੀ ਹੈ। ਸਾਡੀਆਂ ਕੋਸ਼ਿਸ਼ਾਂ ਦੇ ਨਤੀਜੇ ਪ੍ਰਤੱਖ ਨਜ਼ਰ ਆਉਂਦੇ ਹਨ, ਜਿਵੇਂ ਬਾਲ ਮ੍ਰਿਤੂ ਦਰ ਵਿਚ ਕਮੀ, ਹਸਪਤਾਲਾਂ ਵਿਚ ਜਣੇਪਿਆਂ ਵਿਚ ਵਾਧਾ ਅਤੇ ਹੋਰ ਅਜਿਹੀਆਂ ਪਹਿਲਕਦਮੀਆਂ ਕਾਰਨ ਸਾਨੂੰ ਪਹਿਲਾਂ ਹੀ 300 ਕਰੋੜ ਰੁਪਏ ਦਾ ਇਨਾਮ ਮਿਲ ਚੁੱਕਿਆ ਹੈ। (ਥੰਪਿੰਗ)

**ਪੰਜਾਬੀ ਸਭਿਆਚਾਰ, ਭਾਸ਼ਾ ਅਤੇ ਵਿਰਾਸਤ**

52. ਪੰਜਾਬੀ ਸਭਿਆਚਾਰ ਨੇ ਸਮੁੱਚੇ ਵਿਸ਼ਵ ਵਿਚ ਵਧੀਆ ਪਛਾਣ ਅਤੇ ਆਪਣੀ ਇਕ ਵਿਸ਼ੇਸ਼ ਜਗ੍ਹਾ ਬਣਾਈ ਹੈ। ਇਸ ਲਈ ਮੈਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਤਰੱਕੀ ਲਈ ਸਭਿਆਚਾਰਕ, ਸੰਗੀਤਕ, ਥੀਏਟਰ ਸ਼ੋਆਂ ਅਤੇ ਪੰਜਾਬੀ ਫ਼ਿਲਮਾਂ ਉਪਰ ਮਨੋਰੰਜਨ ਕਰ ਨੂੰ ਖਤਮ ਕਰਨ ਦੀ ਤਜਵੀਜ਼ ਕਰਦਾ ਹਾਂ। ਇਹ ਵੀ ਤਜਵੀਜ਼ ਕੀਤਾ ਜਾਂਦਾ ਹੈ ਕਿ ਪੰਜਾਬ ਵਿਚ ਹਰੇਕ ਥੀਏਟਰ ਲਈ ਇਹ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਲਾਜ਼ਮੀ ਬਣਾਇਆ ਜਾਵੇ ਕਿ ਇਕ ਦਿਨ ਵਿਚ ਇਕ ਪੰਜਾਬੀ ਫਿਲਮ ਜ਼ਰੂਰ ਦਿਖਾਈ ਜਾਵੇ। ਥੀਏਟਰ ਮਾਲਕ ਆਪਣੀ ਸੁਵਿਧਾ ਅਨੁਸਾਰ ਫਿਲਮ ਅਤੇ ਸ਼ੋਅ ਦੇ ਸਮੇਂ ਦੀ ਚੋਣ ਕਰੇਗਾ।

53. ਸਦਨ ਨੂੰ ਇਹ ਦੱਸਦਿਆਂ ਮੈਨੂੰ ਅਥਾਹ ਖੁਸ਼ੀ ਹੋ ਰਹੀ ਹੈ ਕਿ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵਾਂ ਜਨਮ ਪੁਰਬ ਮਨਾ ਰਹੇ ਹਾਂ। ਜਿਸ ਲਈ 50 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। (ਥੰਪਿੰਗ)

**ਜੈਵਿਕ ਵਿਭਿੰਨਤਾ ਦੀ ਸਾਂਭ-ਸੰਭਾਲ**

54. ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੱਸੀ ਉਮਰ ਖਾਨ ਵਿਚਲੇ 100 ਸਾਲਾਂ ਤੋਂ ਵੀ ਪੁਰਾਣੇ ਅੰਬਾਂ ਦੇ ਇਨਾਮੀ ਬਾਗ ਵਿਚ ਦੁਰਲਭ ਅੰਬਾਂ ਦੀਆਂ 37 ਦੇਸੀ ਕਿਸਮਾਂ ਹਨ। 165 ਦਰੱਖਤਾਂ ਵਾਲਾ ਇਹ ਬਾਗ 10 ਏਕੜ ਭੂਮੀ ਵਿਚ ਫੈਲਿਆ ਹੋਇਆ ਹੈ ਜਿਸ ਨੂੰ ਕਿ ਕੌਮੀ ਜੈਵਿਕ ਵਿਭਿੰਨਤਾ ਵਿਰਾਸਤ ਸਥਾਨ ਵਜੋਂ ਘੋਸ਼ਿਤ ਕੀਤਾ ਜਾਵੇਗਾ। ਇਹ ਪੰਜਾਬ ਦਾ ਪਹਿਲਾ ਰਾਸ਼ਟਰੀ ਜੈਵਿਕ ਵਿਭਿੰਨਤਾ ਵਿਰਾਸਤ ਸਥਾਨ ਹੋਵੇਗਾ। ਸਰਕਾਰ ਪੰਜਾਬ ਜੈਵਿਕ ਵਿਭਿੰਨਤਾ ਬੋਰਡ ਨੂੰ ਵਿਰਾਸਤੀ ਸਥਾਨ ਦੀ ਪ੍ਰਾਪਤੀ ਅਤੇ ਇਸ ਦੀ ਸਾਂਭ-ਸੰਭਾਲ ਲਈ 2 ਕਰੋੜ ਰੁਪਏ ਦੀ ਗ੍ਰਾਂਟ ਦੇਵੇਗੀ। ਬੋਰਡ ਅੰਬਾਂ ਦੀਆਂ ਕਿਸਮਾਂ ਸਬੰਧੀ ਫਿਜ਼ੀਓ-ਕੈਮੀਕਲ ਅਧਿਐਨ ਕਰਵਾਏਗਾ। ਇਨਾਮੀ ਬਾਗ ਦੀ ਸਾਂਭ-ਸੰਭਾਲ ਲਈ ਸਥਾਨਕ ਭਾਗੀਦਾਰਾਂ ਦੀ ਸ਼ਮੂਲੀਅਤ ਵਾਲੀ ਬਾਇਓਡਾਇਵਰਸਿਟੀ ਮੈਨੇਜਮੈਂਟ ਕਮੇਟੀ ਗਠਿਤ ਕੀਤੀ ਜਾਵੇਗੀ। ਜੈਵਿਕ ਵਿਭਿੰਨਤਾ ਵਿਰਾਸਤ ਸਥਾਨ ਨਾ ਕੇਵਲ ਰਾਜ ਦੀ ਅਮੀਰ ਜੈਵਿਕ ਵਿਭਿੰਨਤਾ ਨੂੰ ਸਾਂਭਣ ਵਿਚ ਸਹਾਇਤਾ ਕਰੇਗਾ ਬਲਕਿ ਸੈਰ-ਸਪਾਟਾ ਆਕਰਸ਼ਣ ਵਿਚ ਵੀ ਵਾਧਾ ਕਰੇਗਾ।

**ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਸਕੀਮ**

55. ਸ਼੍ਰੀਮਾਨ ਜੀ, ਪਿਛਲੇ 9 ਸਾਲਾਂ ਤੋਂ ਭਾਈਚਾਰਕ ਸਾਂਝ ਅਤੇ ਏਕਤਾ ਸਾਡੀ ਸਰਕਾਰ ਦੀ ਮੁੱਖ ਪ੍ਰਾਪਤੀ ਰਹੀ ਹੈ ਅਤੇ ਇਸ ਕਾਰਜ ਨੂੰ ਹੋਰ ਉਤਸ਼ਾਹਿਤ ਕਰਨ ਲਈ ਸਾਡੀ ਸਰਕਾਰ ਨੇ ਇਕ ਨਵੀਂ

ਸਕੀਮ "ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਸਕੀਮ" ਸ਼ੁਰੂ ਕੀਤੀ ਹੈ। ਇਸ ਸਕੀਮ ਅਧੀਨ ਧਾਰਮਿਕ ਅਤੇ ਸਭਿਆਚਾਰਕ ਮਹੱਤਵ ਦੇ ਸਥਾਨਾਂ ਜਿਵੇਂਕਿ ਹਜ਼ੂਰ ਸਾਹਿਬ, ਵਾਰਾਨਸੀ, ਅਜਮੇਰ ਸ਼ਰੀਫ, ਚਿੰਤਪੂਰਨੀ ਅਤੇ ਸਾਲਾਸਰ ਦੀ ਮੁਫ਼ਤ ਯਾਤਰਾ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੈ। ਉਪਰੋਕਤ ਸਕੀਮ ਅਧੀਨ ਮਾਣਯੋਗ ਮੁੱਖ ਮੰਤਰੀ ਜੀ ਨੇ ਈਸਾਈ ਸਮਾਜ ਲਈ ਚੇਨਈ ਵਾਸਤੇ ਵਿਸ਼ੇਸ਼ ਗੱਡੀ ਦੀ ਘੋਸ਼ਣਾ ਕੀਤੀ ਹੈ। ਸਾਲ 2016-17 ਲਈ 140 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

**ਲੋਕ ਸੰਪਰਕ**

56. ਸਰਕਾਰ ਨੂੰ ਸਮਾਜ ਵਿਚ ਮੀਡੀਆ ਦੁਆਰਾ ਨਿਭਾਈ ਮਹੱਤਵਪੂਰਣ ਭੂਮਿਕਾ ਦਾ ਅਹਿਸਾਸ ਹੈ। ਰਾਜ ਸਰਕਾਰ ਅਧਿਕਾਰਤ ਅਤੇ ਪ੍ਰਵਾਨਿਤ ਰਿਪੋਰਟਰਾਂ ਨੂੰ ਸਰਕਾਰੀ ਕਰਮਚਾਰੀਆਂ ਦੇ ਬਰਾਬਰ ਜਨਰਲ ਮੈਡੀਕਲ ਇੰਸ਼ੋਰੈਂਸ ਅਤੇ ਕੈਸ਼-ਲੈੱਸ ਮੈਡੀਕਲ ਸੁਵਿਧਾਵਾਂ ਮੁਹੱਈਆ ਕਰਵਾਉਣਾ ਚਾਹੁੰਦੀ ਹੈ। (ਥੰਪਿੰਗ) ਇਸ ਤੋਂ ਇਲਾਵਾ ਰਾਜ ਵਿੱਚ ਰਿਪੋਰਟਰਾਂ ਨੂੰ ਮੁਫ਼ਤ ਯਾਤਰਾ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਏ. ਸੀ. ਬੱਸਾਂ ਵਿਚ ਦੋ ਸੀਟਾਂ ਰਾਖਵੀਂਆਂ ਕੀਤੀਆਂ ਜਾਣਗੀਆਂ। (ਥੰਪਿੰਗ)

**ਯੋਜਨਾ ਅਕਾਰ ਅਤੇ ਕਾਰਗੁਜ਼ਾਰੀ**

**ਭਾਗ - ਅ**

57. ਸ੍ਰੀਮਾਨ ਜੀ, ਮੈਂ ਹੁਣ ਸਾਲ 2016-17 ਲਈ ਬਜਟ ਦੀਆਂ ਤਜਵੀਜ਼ਾਂ ਵਿਸਥਾਰ ਵਿਚ ਪੇਸ਼ ਕਰ ਰਿਹਾ ਹਾਂ:

ਸਾਲ 2006-07 ਤੋਂ ਬਾਅਦ ਰਾਜ ਦੀ ਸਾਲਾਨਾ ਯੋਜਨਾ ਦੇ ਆਕਾਰ ਅਤੇ ਇਸ ਦੇ ਲਾਗੂ ਕਰਨ ਦੀ ਪ੍ਰਾਪਤੀ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ। ਸਾਲ 2006-07 ਦੌਰਾਨ ਪ੍ਰਵਾਨਿਤ ਸਾਲਾਨਾ ਯੋਜਨਾ ਦਾ ਆਕਾਰ 4,000 ਕਰੋੜ ਰੁਪਏ ਸੀ ਜੋ ਕਿ 2015-16 ਵਿਚ ਵਧ ਕੇ 21,174 ਕਰੋੜ ਰੁਪਏ ਹੋ ਗਿਆ ਹੈ। (ਥੰਪਿੰਗ) ਸਾਲ 2007-12 ਦੌਰਾਨ ਗਿਆਰਵੀਂ ਪੰਜ ਸਾਲਾ ਯੋਜਨਾ ਦੀਆਂ ਪ੍ਰਾਪਤੀਆਂ 81 ਫ਼ੀਸਦ ਸਨ। ਸਾਲ 2013-14 ਅਤੇ 2014-15

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਦੌਰਾਨ ਪ੍ਰਾਪਤੀਆਂ ਕ੍ਰਮਵਾਰ 73 ਫ਼ੀਸਦ ਅਤੇ 75 ਫ਼ੀਸਦ ਸਨ। ਇਹ ਪ੍ਰਾਪਤੀ 2015-16 ਲਈ 75 ਫ਼ੀਸਦ ਹੋ ਜਾਣ ਦੀ ਸੰਭਾਵਨਾ ਹੈ। ਸਾਲ 2016-17 ਲਈ ਸਾਲਾਨਾ ਯੋਜਨਾ ਦਾ ਆਕਾਰ 25,479 ਕਰੋੜ ਰੁਪਏ ਹੈ ਜੋ ਕਿ ਪਿਛਲੇ ਸਾਲ ਨਾਲੋਂ 20 ਫ਼ੀਸਦ ਜ਼ਿਆਦਾ ਹੈ। (ਥੰਪਿੰਗ) 2015-16 ਦੌਰਾਨ 11,797 ਕਰੋੜ ਰੁਪਏ ਦੇ ਬਜਟ ਉਪਬੰਧ ਦੇ ਮੁਕਾਬਲੇ ਸਾਲ 2016-17 ਲਈ 13,565 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

**ਖੇਤੀਬਾੜੀ**

58. ਪੰਜਾਬ ਨੇ ਖੇਤੀਬਾੜੀ ਦੇ ਖੇਤਰ ਵਿਚ ਬਹੁਤ ਤਰੱਕੀ ਕੀਤੀ ਹੈ। ਰਾਜ ਦਾ ਤਕਰੀਬਨ 42 ਲੱਖ ਹੈਕਟੇਅਰ ਵਾਹੀਯੋਗ ਖੇਤਰ ਹੈ ਜੋ ਕਿ ਦੇਸ਼ ਵਿਚ ਕੁਲ ਬਿਜਾਈ ਖੇਤਰ ਦਾ 3 ਫ਼ੀਸਦ ਹੈ। ਪੰਜਾਬ ਦਾ ਵਿਸ਼ਵ ਵਿਚ ਕਣਕ ਦੇ ਸਮੁੱਚੇ ਉਤਪਾਦਕ ਵਜੋਂ ਸੱਤਵਾਂ ਸਥਾਨ ਹੈ। ਇਹ ਕੈਨੇਡਾ ਅਤੇ ਆਸਟ੍ਰੇਲੀਆ ਤੋਂ ਬਾਅਦ ਤੀਜਾ ਵੱਡਾ ਵਾਧੂ ਵਿਕਰੀਯੋਗ ਉਤਪਾਦਨ ਕਰਦਾ ਹੈ, ਜੋ ਕਿ ਕਣਕ ਵਿਚ ਵਿਸ਼ਵ ਵਪਾਰ ਦਾ ਤਕਰੀਬਨ ਦਸਵਾਂ ਹਿੱਸਾ ਹੈ। ਚਾਵਲ ਦੇ ਮਾਮਲੇ ਵਿਚ ਥਾਈਲੈਂਡ ਤੋਂ ਬਾਅਦ ਵਿਕਰੀਯੋਗ ਵਾਧੂ ਉਤਪਾਦਨ ਵਿਚ ਪੰਜਾਬ ਦਾ ਦੂਜਾ ਸਥਾਨ ਹੈ। ਇਹ ਵਧੀਆ ਬੁਨਿਆਦੀ ਢਾਂਚਾ, ਉਚਿਤ ਤਕਨੀਕਾਂ ਨੂੰ ਅਪਨਾਉਣ, ਚੰਗੀਆਂ ਵਿਸਤਾਰ ਸੇਵਾਵਾਂ, ਸਰਕਾਰੀ ਪਹਿਲਕਦਮੀਆਂ ਅਤੇ ਰਾਜ ਨੀਤੀਆਂ ਨੂੰ ਯੋਗ ਬਣਾਉਣ ਨਾਲ ਸੰਭਵ ਹੋਇਆ ਹੈ।

59. ਪੰਜਾਬ ਸਰਕਾਰ, ਖੇਤੀਬਾੜੀ ਦੇ ਵਿਕਾਸ ਲਈ ਲਗਾਤਾਰ ਠੋਸ ਯਤਨ ਕਰ ਰਹੀ ਹੈ। ਸਾਲ 2015 ਦੀ ਸਾਉਣੀ ਦੀ ਰੁੱਤ ਦੌਰਾਨ ਝੋਨੇ ਦਾ ਉਤਪਾਦਨ ਤਕਰੀਬਨ 180 ਲੱਖ ਮੀਟਰਿਕ ਟਨ ਸੀ ਜੋ ਕਿ ਪਿਛਲੇ ਸਾਲ ਨਾਲੋਂ 9 ਫ਼ੀਸਦ ਵੱਧ ਹੈ। ਪਿਛਲੇ ਦੋ ਸਾਲਾਂ ਦੌਰਾਨ ਬਾਸਮਤੀ ਅਧੀਨ ਖੇਤਰ ਦੋ ਲੱਖ ਹੈਕਟੇਅਰ ਤੋਂ ਵਧੇਰੇ ਹੋ ਗਿਆ ਹੈ। ਸਾਲ 2015-16 ਦੌਰਾਨ ਅਨਾਜ ਦੀ ਸੰਭਾਵਿਤ ਪੈਦਾਵਾਰ 300 ਲੱਖ ਮੀਟਰਿਕ ਟਨ ਤੋਂ ਉਪਰ ਹੈ। ਰਾਜ ਨੇ 2015-16 ਦੀ ਹਾੜੀ ਦੀ ਰੁੱਤ ਦੌਰਾਨ 'ਡੀ.ਬੀ.ਟੀ.ਸਕੀਮ' ਲਾਗੂ ਕੀਤੀ ਹੈ।

60. ਮੱਕੀ, ਕਪਾਹ ਅਤੇ ਹੋਰ ਬਦਲਵੀਆਂ ਫ਼ਸਲਾਂ ਅਧੀਨ ਖੇਤਰ ਦੇ ਵਾਧੇ ਲਈ ਵਿਸਤ੍ਰਿਤ ਫ਼ਸਲ ਵਿਭਿੰਨਤਾ ਯੋਜਨਾ (ਸੀ.ਡੀ.ਪੀ.) ਲਾਗੂ ਕੀਤੀ ਜਾ ਰਹੀ ਹੈ। ਸਾਉਣੀ ਦੀ ਰੁੱਤ ਵਿਚ ਮੱਕੀ ਦੀ ਖੇਤੀ ਅਧੀਨ ਖੇਤਰ 1.5 ਲੱਖ ਹੈਕਟੇਅਰ ਤੋਂ ਵਧ ਕੇ 1.72 ਲੱਖ ਹੈਕਟੇਅਰ ਹੋ ਗਿਆ ਹੈ। ਇਸ ਤੋਂ ਇਲਾਵਾ ਫ਼ਸਲ ਦੇ ਉਚਿਤ ਮੰਡੀਕਰਨ ਨੂੰ ਯਕੀਨੀ ਬਣਾਉਣ ਲਈ ਸੈਲਾ ਖੁਰਦ (ਹੁਸ਼ਿਆਰਪੁਰ) ਅਤੇ ਐਸ.ਬੀ.ਐਸ. ਨਗਰ ਵਿਖੇ 2 ਮੱਕੀ ਸੁਕਾਉਣ ਦੇ ਯੂਨਿਟ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਨੇ 2016-17 ਵਿਚ ਮੱਕੀ ਦੀ ਕਾਸ਼ਤ ਅਧੀਨ 2 ਲੱਖ ਹੈਕਟੇਅਰ ਖੇਤਰ ਨੂੰ ਲਿਆਉਣ ਦਾ ਟੀਚਾ ਮਿੱਥਿਆ ਹੈ। ਕਪਾਹ ਦੇ ਵਿਕਾਸ ਲਈ ਖੇਤੀਬਾੜੀ ਵਿਭਾਗ ਨੇ ਬਠਿੰਡਾ ਵਿਖੇ ਕਪਾਹ ਦਾ ਇਕ ਆਹਲਾ ਦਰਜੇ ਦਾ ਕੇਂਦਰ ਅਤੇ ਮਲੋਟ ਵਿਖੇ ਕਪਾਹ ਮੈਕੇਨਾਈਜ਼ੇਸ਼ਨ ਪ੍ਰੋਗਰਾਮ ਸ਼ੁਰੂ ਕੀਤੇ ਹਨ।

61. ਕੌਮੀ ਬਾਗ਼ਬਾਨੀ ਮਿਸ਼ਨ ਅਧੀਨ ਕਰਤਾਰਪੁਰ (ਜਲੰਧਰ) ਅਤੇ ਖਨੌੜਾ (ਹੁਸ਼ਿਆਰਪੁਰ) ਵਿਖੇ ਆਹਲਾ ਦਰਜੇ ਦੇ ਕੇਂਦਰ ਸਥਾਪਿਤ ਕੀਤੇ ਗਏ ਹਨ। ਇੰਡੋ-ਡੱਚ ਇਕਰਾਰਨਾਮੇ ਅਧੀਨ ਆਹਲਾ ਦਰਜੇ ਦੇ ਆਲੂ ਅਤੇ ਫੁੱਲ ਕੇਂਦਰ ਸਥਾਪਿਤ ਕੀਤੇ ਜਾ ਰਹੇ ਹਨ। ਅਤਿ ਆਧੁਨਿਕ ਲੈਬਾਰਟਰੀ ਸਮੇਤ ਉੱਤਮ ਲੀਚੀ ਅਤੇ ਨਾਸ਼ਪਤੀ ਦੀਆਂ ਮਿਲਖਾਂ ਸਥਾਪਿਤ ਕੀਤੀਆਂ ਜਾਣਗੀਆਂ।

62. ਰਾਜ ਸਰਕਾਰ ਨੇ ਰਾਜ ਵਿਚ ਗੰਨੇ ਦੇ ਉਤਪਾਦਕਾਂ ਨੂੰ ਬਕਾਇਆਂ ਦੀ ਮੁਕੰਮਲ ਅਦਾਇਗੀ ਕਰ ਦਿੱਤੀ ਹੈ ਅਤੇ ਇਸ ਉਦੇਸ਼ ਲਈ ਸਾਲ 2015-16 ਦੌਰਾਨ 331 ਕਰੋੜ ਰੁਪਏ ਵੰਡੇ ਗਏ ਹਨ। ਸਾਲ 2016-17 ਲਈ 350 ਕਰੋੜ ਰੁਪਏ ਦੀ ਰਕਮ ਮੁਹੱਈਆ ਕਰਵਾਈ ਜਾਵੇਗੀ।

63. ਮੈਂ ਕਿਸਾਨਾਂ ਅਤੇ ਪੇਂਡੂ ਗਰੀਬਾਂ ਨੂੰ ਮੁਫ਼ਤ ਬਿਜਲੀ ਸਪਲਾਈ ਲਈ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਨੂੰ ਮੁਆਵਜ਼ੇ ਲਈ ਬਿਜਲੀ ਖੇਤਰ ਵਿਚ ਪੇਂਡੂ ਗਰੀਬਾਂ ਲਈ 655 ਕਰੋੜ ਰੁਪਏ ਦੀ ਰਕਮ ਸਮੇਤ 5,600 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਕਰਦਾ ਹਾਂ। (ਥੰਪਿੰਗ)

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

64. ਖੇਤੀਬਾੜੀ ਅਤੇ ਸਹਾਇਕ ਧੰਦਿਆਂ ਲਈ ਸਾਲ 2016-17 ਵਾਸਤੇ 7,490 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਫ਼ਸਲੀਕਰਨ ਅਤੇ ਖੋਜ ਦੀਆਂ ਮਹੱਤਵਪੂਰਣ ਸਕੀਮਾਂ ਹਨ:-

- 315 ਕਰੋੜ ਰੁਪਏ - ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਲਈ।
- 300 ਕਰੋੜ ਰੁਪਏ – ਆਰ.ਕੇ.ਵੀ.ਵਾਈ. ਅਧੀਨ ਖੇਤੀਬਾੜੀ ਅਤੇ ਸਬੰਧਤ ਖੇਤਰਾਂ ਦੇ ਮਜ਼ਬੂਤੀਕਰਨ ਲਈ।
- 80 ਕਰੋੜ ਰੁਪਏ - ਕੌਮੀ ਬਾਗਬਾਨੀ ਮਿਸ਼ਨ ਲਈ।
- 50 ਕਰੋੜ ਰੁਪਏ- ਕੌਮੀ ਖੁਰਾਕ ਸੁਰੱਖਿਆ ਮਿਸ਼ਨ ਲਈ।
- 33 ਕਰੋੜ ਰੁਪਏ - ਮੁੱਖ ਪ੍ਰੋਗਰਾਮਾਂ ਜਿਵੇਂ ਕਿ ਰਾਜ ਵਿਸਥਾਰ ਪ੍ਰੋਗਰਾਮ, ਤੇਲ ਵਾਲੇ ਬੀਜਾਂ, ਦਾਲਾਂ ਅਤੇ ਮੱਕੀ ਲਈ ਸਮੂਹਿਕ ਸਕੀਮ ਅਤੇ ਖੇਤੀਬਾੜੀ ਲਈ, ਖੇਤੀਬਾੜੀ ਮਸ਼ੀਨੀਕਰਨ ਅਤੇ ਕੌਮੀ ਈ-ਗਵਰਨੈਂਸ ਯੋਜਨਾ ਲਈ।
- 33 ਕਰੋੜ ਰੁਪਏ - ਬਾਗਬਾਨੀ ਦੀ ਤਰੱਕੀ ਲਈ।

**ਸਬੰਧਤ ਖੇਤਰ**

65. ਪਸ਼ੂ ਪਾਲਣ ਰਾਜ ਦੀ ਪੇਂਡੂ ਅਰਥ ਵਿਵਸਥਾ ਵਿਚ ਰਾਜ ਦੇ ਕੁਲ ਘਰੇਲੂ ਉਤਪਾਦ ਦਾ ਲਗਭਗ 13 ਫ਼ੀਸਦ ਯੋਗਦਾਨ ਪਾ ਕੇ ਮਹੱਤਵਪੂਰਣ ਭੂਮਿਕਾ ਨਿਭਾਅ ਰਿਹਾ ਹੈ। ਰਾਜ ਨੇ ਮੌਜੂਦਾ ਪਸ਼ੂ ਪਾਲਣ ਸੰਸਥਾਵਾਂ ਦੇ ਸੁਧਾਰ ਅਤੇ ਡੇਅਰੀ ਫਾਰਮਾਂ ਦੇ ਆਧੁਨਿਕੀਕਰਣ ਦੁਆਰਾ ਪਸ਼ੂ ਪਾਲਣ ਦੇ ਵਿਕਾਸ ਲਈ ਠੋਸ ਯਤਨ ਕੀਤੇ ਹਨ। ਬਠਿੰਡਾ ਜ਼ਿਲ੍ਹੇ ਵਿਚ ਰਾਮਪੁਰਾ ਫੂਲ ਵਿਖੇ ਇਕ ਨਵਾਂ ਵੈਟਰਨਰੀ ਕਾਲਜ ਸਥਾਪਤ ਕੀਤਾ ਜਾ ਰਿਹਾ ਹੈ। ਪਸ਼ੂਆਂ ਦੀ ਨਸਲ ਵਿਚ ਸੁਧਾਰ ਲਈ ਉਚ ਗੁਣਵੱਤਾ ਵਾਲਾ ਵੀਰਜ ਆਯਾਤ ਕੀਤਾ ਜਾਵੇਗਾ। ਦੇਸੀ ਸਾਹੀਵਾਲ ਪਸ਼ੂਆਂ ਦੀ ਨਸਲ ਦੀ ਸੰਭਾਲ ਲਈ ਭਾਰਤ ਸਰਕਾਰ ਵਲੋਂ 'ਨੈਸ਼ਨਲ ਗੋਕੁਲ ਮਿਸ਼ਨ' ਅਧੀਨ 30 ਕਰੋੜ ਰੁਪਏ ਦੀ ਲਾਗਤ ਵਾਲਾ ਇਕ ਪ੍ਰਾਜੈਕਟ ਪ੍ਰਵਾਨ ਕੀਤਾ ਗਿਆ ਹੈ ਅਤੇ ਕੁਲੇਮਾਜਰਾ ਵਿਖੇ ਜਲਦੀ ਹੀ ਗੋਕੁਲ ਗ੍ਰਾਮ ਸਥਾਪਿਤ

ਕੀਤਾ ਜਾਵੇਗਾ। ਰਾਜ.ਵਿਚ ਪਸ਼ੂਆਂ ਦੀਆਂ ਦੂਸਰੀਆਂ ਨਸਲਾਂ ਦੇ ਵਿਕਾਸ ਲਈ ਸਰਕਾਰੀ ਪਿਗਰੀ ਫਾਰਮ, ਨਾਭਾ (ਪਟਿਆਲਾ) ਅਤੇ ਮੱਲੇਵਾਲ (ਫਿਰੋਜਪੁਰ) ਦੀ ਮੁਰੰਮਤ ਅਤੇ ਸੁਧਾਰ ਕੀਤਾ ਜਾ ਰਿਹਾ ਹੈ। ਸਾਲ 2016-17 ਦੌਰਾਨ ਪਸ਼ੂ ਪਾਲਣ ਅਧੀਨ ਕੁੱਲ 445 ਕਰੋੜ ਰੁਪਏ ਰਾਖਵੇਂ ਕੀਤੇ ਹਨ।

66. ਮੱਝਾਂ ਅਤੇ ਗਾਵਾਂ ਦੀ ਕੇਵਲ 2 ਫ਼ੀਸਦ ਗਿਣਤੀ ਨਾਲ ਰਾਜ, ਦੇਸ਼ ਦੇ ਕੁੱਲ ਦੁੱਧ ਉਤਪਾਦਨ ਦਾ 7.55 ਫ਼ੀਸਦ ਉਤਪਾਦਨ ਕਰਦਾ ਹੈ। ਰਾਜ ਵਿਚ ਦੁੱਧ ਦੀ ਪ੍ਰਤੀ ਜੀਅ ਪ੍ਰਤੀ ਦਿਨ ਉਪਲੱਭਧਤਾ 993 ਗ੍ਰਾਮ ਹੈ ਜੋ ਕਿ ਦੇਸ਼ ਦੀ ਪ੍ਰਤੀ ਵਿਅਕਤੀ ਦੁੱਧ ਉਪਲਬਧਤਾ ਤੋਂ ਚਾਰ ਗੁਣਾ ਵਧੇਰੇ ਹੈ। ਰਾਜ ਪ੍ਰਤੀ ਸਾਲ 426 ਕਰੋੜ ਅੰਡਿਆਂ ਦਾ ਉਤਪਾਦਨ ਕਰਦਾ ਹੈ ਅਰਥਾਤ ਪ੍ਰਤੀ ਵਿਅਕਤੀ ਪ੍ਰਤੀ ਸਾਲ 152 ਅੰਡੇ ਜੋ ਕਿ ਦੇਸ਼ ਦੀ ਪ੍ਰਤੀ ਵਿਅਕਤੀ ਉਪਲਬਧਤਾ ਤੋਂ ਢਾਈ ਗੁਣਾ ਜ਼ਿਆਦਾ ਹੈ। ਸਾਲ 2016-17 ਲਈ ਡੇਅਰੀ ਵਿਕਾਸ ਅਧੀਨ ਕੁੱਲ 11 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

67. ਮੱਛੀ ਪਾਲਣ ਖੇਤਰ ਨੂੰ ਕਿਸਾਨੀ ਸਮਾਜ ਲਈ ਆਮਦਨ ਅਤੇ ਰੁਜ਼ਗਾਰ ਸਿਰਜਣ ਵਾਲੇ ਕਿੱਤੇ ਵਜੋਂ ਸ਼ਨਾਖਤ ਕੀਤਾ ਗਿਆ ਹੈ। ਮੌਜੂਦਾ ਸਮੇਂ ਰਾਜ ਵਿਚ 6600 ਮੱਛੀ ਪਾਲਕ ਹਨ। ਛੋਟੇ ਅਤੇ ਸੀਮਾਂਤੀ ਕਿਸਾਨਾਂ ਦੇ ਮੱਛੀ ਫਾਰਮਾਂ ਦੇ ਉਤਪਾਦਨ ਵਿਚ ਵਾਧੇ ਲਈ ਅਤੇ ਹੋਰ ਵਧੇਰੇ ਖੇਤਰ ਨੂੰ ਮੱਛੀ ਪਾਲਣ ਅਧੀਨ ਲਿਆਉਣ ਲਈ ਸੇਮ ਵਾਲੇ ਖੇਤਰਾਂ ਅਤੇ ਬਿਨਾ ਸੇਮ ਵਾਲੇ ਖੇਤਰਾਂ ਵਿਚ ਵੱਖ-ਵੱਖ ਸਕੀਮਾਂ ਦੋ ਜ਼ਿਲ੍ਹਿਆਂ, ਅਰਥਾਤ ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਵਿਖੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਧੀਨ ਸ਼ੁਰੂ ਕੀਤੇ ਜਾ ਰਹੇ ਹਨ। ਭਾਰਤ ਸਰਕਾਰ ਦੀ ਨੀਲਾ ਇਨਕਲਾਬ ਲਿਆਉਣ ਦੀ ਨੀਤੀ ਦੀ ਇਕਸੁਰਤਾ ਵਿਚ ਮੱਛੀ ਖੇਤਰ ਵਿਚ ਤਰੱਕੀ ਲਈ ਚੀਨ ਨਾਲ ਇਕ਼ਰਾਰਨਾਮੇ ਉਪਰ ਹਸਤਾਖ਼ਰ ਕੀਤੇ ਗਏ ਹਨ। ਬਠਿੰਡਾ ਜ਼ਿਲੇ ਦੇ ਪਿੰਡ ਜੋਧਪੁਰ ਰੋਮਾਣਾ ਵਿਚ ਆਈ.ਸੀ. ਏ.ਆਰ. ਭੁਬਨੇਸ਼ਵਰ ਦੇ ਖੇਤਰੀ ਖੋਜ ਕੇਂਦਰ ਦੀ ਸਥਾਪਨਾ ਲਈ ਤਜਵੀਜ਼ਤ ਜ਼ਮੀਨ ਮੱਛੀ ਪਾਲਣ ਵਿਭਾਗ, ਪੰਜਾਬ ਨੂੰ ਤਬਦੀਲ ਕਰ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਦਿੱਤੀ ਗਈ ਹੈ। ਮੱਛੀ ਪਾਲਣ ਸੈਕਟਰ ਅਧੀਨ ਸਾਲ 2016-17 ਲਈ ਕੁੱਲ 18 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

**ਸਿੰਜਾਈ**

68. ਸਿੰਜਾਈ ਬੇਸ਼ੱਕ ਇਸ ਸਾਲ ਦੀ ਯੋਜਨਾ ਦਾ ਅਜਿਹਾ ਹਿੱਸਾ ਹੈ ਜਿਸ ਉਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਮੁੱਖ ਧਿਆਨ ਨਹਿਰੀ ਸਮਰੱਥਾ ਵਿਚ ਵਾਧਾ ਕਰਕੇ ਬਿਨ੍ਹਾਂ ਲਾਈਨ ਜਲ ਮਾਰਗਾਂ ਦੀ ਲਾਇਨਿੰਗ ਅਤੇ ਪਹਾੜੀ ਇਲਾਕਿਆਂ ਵਿਚ ਘੱਟ ਲਾਗਤ ਵਾਲੇ ਡੈਮਾਂ ਦੀ ਉਸਾਰੀ ਕਰਕੇ ਸਿੰਜਾਈ ਮੰਤਵਾਂ ਲਈ ਸਤਹੀ ਪਾਣੀ ਦੀ ਵਰਤੋਂ ਅਤੇ ਜ਼ਮੀਨ ਹੇਠਲੇ ਪਾਣੀ ਉਤੇ ਨਿਰਭਰਤਾ ਘਟਾਉਣ ਉਤੇ ਹੈ। ਸਾਲਾਨਾ ਯੋਜਾਨਾ 2016-17 ਲਈ ਸਿੰਜਾਈ ਅਧੀਨ 2,705 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। (ਥੰਪਿੰਗ) ਮਹੱਤਵਪੂਰਣ ਸਕੀਮਾਂ ਹੇਠਾਂ ਅਨੁਸਾਰ ਹਨ:-

- 135 ਕਰੋੜ ਰੁਪਏ - ਰਾਜਸਥਾਨ ਫੀਡਰ ਪ੍ਰਾਜੈਕਟ ਦੀ ਰੀਲਾਇਨਿੰਗ ਲਈ (ਸਾਲ 2016-20 ਤੱਕ 4 ਸਾਲਾਂ ਵਿਚ ਮੁਕੰਮਲ ਹੋਣ ਲਈ ਪ੍ਰਾਜੈਕਟ ਲਾਗਤ 1,352 ਕਰੋੜ ਰੁਪਏ ਹੈ।)
- 100 ਕਰੋੜ ਰੁਪਏ- ਸਰਹੰਦ ਫੀਡਰ ਪ੍ਰਾਜੈਕਟ ਦੀ ਰੀਲਾਇਨਿੰਗ ਲਈ (ਸਾਲ 2016-20 ਤੱਕ 4 ਸਾਲਾਂ ਵਿਚ ਮੁਕੰਮਲ ਹੋਣ ਲਈ ਪ੍ਰਾਜੈਕਟ ਲਾਗਤ 672 ਕਰੋੜ ਰੁਪਏ ਹੈ।)
- 100 ਕਰੋੜ ਰੁਪਏ- ਬਿਸਤ ਦੋਆਬ ਨਹਿਰੀ ਪ੍ਰਣਾਲੀ ਦੀ ਮੁੜ-ਉਸਾਰੀ ਲਈ (ਸਾਲ 2016-20 ਤੱਕ 4 ਸਾਲਾਂ ਵਿਚ ਮੁਕੰਮਲ ਕਰਨ ਲਈ ਪ੍ਰਾਜੈਕਟ ਲਾਗਤ 270 ਕਰੋੜ ਰੁਪਏ ਹੈ।)
- 14 ਕਰੋੜ ਰੁਪਏ- ਪਹਿਲੇ ਪਟਿਆਲਾ ਫੀਡਰ ਅਤੇ ਕੋਟਲਾ ਬਰਾਂਚ ਦੀ ਮੁੜ ਉਸਾਰੀ ਲਈ (ਪ੍ਰਾਜੈਕਟ ਲਾਗਤ 199 ਕਰੋੜ ਰੁਪਏ ਹੈ- 120 ਕਰੋੜ ਰੁਪਏ ਪਹਿਲਾਂ ਹੀ ਖ਼ਰਚ ਕੀਤੇ ਜਾ ਚੁੱਕੇ ਹਨ।

- 20 ਕਰੋੜ ਰੁਪਏ- ਬਨੂੜ ਨਹਿਰ ਨੂੰ ਗੈਰ ਬਾਰਾਮਾਸੀ ਤੋਂ ਬਾਰਾਮਾਸੀ ਕਰਨ ਲਈ।
- 30 ਕਰੋੜ ਰੁਪਏ - ਸ਼ਾਹਪੁਰ ਕੰਡੀ ਡੈਮ ਦੀ ਉਸਾਰੀ ਲਈ (ਪ੍ਰਾਜੈਕਟ ਲਾਗਤ 2,286 ਕਰੋੜ ਰੁਪਏ ਹੈ ਜਿਸ ਵਿਚ ਸਾਲ 2016-2019 ਤੱਕ ਤਿੰਨ ਸਾਲਾਂ ਵਿਚ ਮੁਕੰਮਲ ਕੀਤਾ ਜਾਣ ਵਾਲਾ ਪਾਵਰ ਕੰਪੋਨੈਂਟ ਵੀ ਸ਼ਾਮਲ ਹੈ।)
- 484 ਕਰੋੜ ਰੁਪਏ - ਜਲ ਮਾਰਗਾਂ ਦੀ ਉਸਾਰੀ / ਲਾਈਨਿਗ ਲਈ, ਜਿਸ ਵਿਚ ਸ਼ਾਮਲ ਹੈ:-

  ੳ. 300 ਕਰੋੜ ਰੁਪਏ-ਕੋਟਲਾ ਬ੍ਰਾਂਚ ਭਾਗ-II ਦੇ ਖੇਤਰੀ ਨਾਲਿਆਂ ਦੀ ਉਸਾਰੀ ਲਈ (ਸਾਲ 2016-18 ਤੱਕ 2 ਸਾਲਾਂ ਵਿਚ ਮੁਕੰਮਲ ਕੀਤੇ ਜਾਣ ਲਈ ਪ੍ਰਾਜੈਕਟ ਲਾਗਤ 950 ਕਰੋੜ ਰੁਪਏ ਹੈ।)

  ਅ. 60 ਕਰੋੜ ਰੁਪਏ - ਸਰਹਿੰਦ ਫੀਡਰ ਅਤੇ ਬਠਿੰਡਾ ਬ੍ਰਾਂਚ ਦੇ ਖੇਤਰੀ ਨਾਲਿਆਂ ਦੀ ਮੁੜ ਉਸਾਰੀ ਲਈ।
- 298 ਕਰੋੜ ਰੁਪਏ - ਸੇਮ ਰੋਕੂ ਅਤੇ ਹੜ੍ਹ-ਸੁਰੱਖਿਆ ਲਈ, ਜਿਸ ਵਿਚ ਸ਼ਾਮਲ ਹੈ:-

  ੳ. 240 ਕਰੋੜ ਰੁਪਏ – ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ ਸੇਮ-ਰੋਕੂ ਉਪਾਵਾਂ ਲਈ।

  (ਸਾਲ 2016-19 ਤੱਕ ਤਿੰਨ ਸਾਲਾਂ ਵਿਚ ਮੁਕੰਮਲ ਕੀਤ ਜਾਣ ਲਈ 960 ਕਰੋੜ ਰੁਪਏ।)

**ਭੂਮੀ ਅਤੇ ਜਲ ਸੰਭਾਲ**

69. ਕੀਮਤੀ ਜਲ ਸ੍ਰੋਤਾਂ ਦੀ ਸਾਂਭ-ਸੰਭਾਲ ਲਈ ਝੋਨਾ ਲਗਾਉਣ ਦੀ ਤਾਰੀਖ਼ ਹੋਰ ਵਧਾ ਕੇ 15 ਜੂਨ ਕਰ ਦਿੱਤੀ ਗਈ ਹੈ, ਇਸ ਨਾਲ ਜਲ ਪੱਧਰ ਦੇ ਨਿਘਾਰ ਦੀ ਦਰ ਵਿੱਚ ਫਰਕ ਪਿਆ ਹੈ। ਸਿੰਜਾਈ ਪਾਣੀ ਲਈ ਆਰ.ਸੀ.ਸੀ./ਪੀ.ਵੀ.ਸੀ./ਐਚ.ਡੀ.ਪੀ.ਈ ਪਾਈਪਾਂ ਪਾਉਣ ਲਈ ਅੰਡਰਗਰਾਊਂਡ ਪਾਈਪਲਾਈਨ ਸਿਸਟਮ ਪ੍ਰਾਜੈਕਟ (ਯੂ.ਜੀ.ਪੀ.ਐਸ.) ਨੂੰ ਵੱਡੇ ਪੱਧਰ ਤੇ ਵਰਤੋਂ ਵਿਚ ਲਿਆਂਦਾ ਜਾ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਰਿਹਾ ਹੈ। ਇਨ੍ਹਾਂ ਕਾਰਵਾਈਆਂ ਦੇ ਨਤੀਜੇ ਵਜੋਂ ਜ਼ਮੀਨੀ ਪਾਣੀ ਦੇ ਨਿਘਾਰ ਦੀ ਦਰ 55 ਸੈਂਟੀਮੀਟਰ ਪ੍ਰਤੀ ਸਾਲ ਘਟ ਗਈ।

70. ਜ਼ਮੀਨੀ ਪਾਣੀ ਦੇ ਨਿਘਾਰ ਦੇ ਰੁਝਾਨ ਨੂੰ ਅੱਗੋਂ ਰੋਕਣ ਲਈ ਸਾਲ 2015-16 ਦੌਰਾਨ "ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ ਸੇਮ ਵਾਲੇ ਖੇਤਰਾਂ ਵਿਚ ਯਕੀਨੀ ਸਿੰਜਾਈ ਪਾਣੀ ਉਪਲੱਬਧ ਕਰਾਉਣ ਲਈ ਸਕੀਮ" ਅਤੇ "ਰਾਜ ਵਿਚ ਕਮਿਊਨਟੀ ਯੂ.ਜੀ.ਪੀ.ਐਲ. ਪ੍ਰਣਾਲੀ ਰਾਹੀਂ ਸਿੰਜਾਈ ਪਾਣੀ ਸਮਰੱਥਾ ਵਧਾਉਣ ਲਈ ਸਕੀਮਾਂ" ਪ੍ਰਵਾਨ ਕੀਤੀਆਂ ਗਈਆਂ ਹਨ।

71. ਸਾਲ 2016-17 ਲਈ ਭੂਮੀ ਅਤੇ ਜਲ ਸੰਭਾਲ ਅਧੀਨ ਕੁਲ 132 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਸਾਲ 2016-17 ਦੌਰਾਨ ਨਿਮਨ ਸਕੀਮਾਂ ਲਾਗੂ ਕੀਤੀਆਂ ਜਾਣਗੀਆਂ:-

- 55 ਕਰੋੜ ਰੁਪਏ-ਨਹਿਰ ਆਧਾਰਤ ਸਿੰਜਾਈ ਲਈ ਅੰਡਰਗਰਾਊਂਡ ਪਾਈਪਲਾਈਨ ਪ੍ਰਣਾਲੀ ਲਈ ਕਿਸਾਨਾਂ ਨੂੰ ਸਹਾਇਤਾ ਵਾਸਤੇ ।
- 16 ਕਰੋੜ ਰੁਪਏ-ਲਘੂ ਸਿੰਜਾਈ ਲਈ।
- 10 ਕਰੋੜ ਰੁਪਏ-ਦੱਖਣੀ-ਪੱਛਮੀ ਜ਼ਿਲ੍ਹਿਆਂ ਵਿਚ ਸੇਮ ਵਾਲੇ ਖੇਤਰਾਂ ਲਈ ਸਿੰਜਾਈ ਪਾਣੀ ਯਕੀਨੀ ਬਣਾਉਣ ਲਈ।

**ਖੇਤੀ ਕਰਜ਼**

72. ਪੰਜਾਬ ਵਿਚ 35 ਹਜ਼ਾਰ ਕਰੋੜ ਰੁਪਏ ਦੇ ਪੇਂਡੂ ਕਰਜ਼ ਨੇ ਗੰਭੀਰ ਸਥਿਤੀ ਗ੍ਰਹਿਣ ਕਰ ਲਈ ਹੈ। ਪੰਜਾਬ ਵਿਚ ਕਰਜ਼ਦਾਰ ਕਿਸਾਨ ਪਰਿਵਾਰਾਂ ਦੀ ਗਿਣਤੀ 66 ਫ਼ੀਸਦ ਹੈ ਜੋ ਕਿ ਦੇਸ਼ ਵਿਚ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਤੋਂ ਬਾਅਦ ਤੀਜੀ ਸਭ ਤੋਂ ਵਧੇਰੇ ਹੈ। ਰਾਜ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਆਤਮ ਹੱਤਿਆ ਕਰਨ ਦੇ ਕੇਸਾਂ ਵਿਚ ਮੁਆਵਜ਼ਾ 2 ਲੱਖ ਤੋਂ ਵਧਾ ਕੇ 3 ਲੱਖ ਕਰ ਦਿੱਤਾ ਗਿਆ ਹੈ। ਸਾਲ 2015-16 ਦੌਰਾਨ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਪਹੁੰਚਾਉਣ ਲਈ 2.17 ਕਰੋੜ ਰੁਪਏ ਵੰਡੇ ਗਏ ਹਨ। ਰਾਜ ਸਰਕਾਰ ਇਸ ਸਮੱਸਿਆ ਦਾ ਅੰਦਾਜ਼ਾ ਲਗਾਉਣ ਲਈ

ਆਤਮ ਹੱਤਿਆ ਨਾਲ ਸਬੰਧਤ ਡਾਟਾ ਬੈਂਕ ਤਿਆਰ ਕਰ ਰਹੀ ਹੈ। 2016-17 ਦੌਰਾਨ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ੇ ਵਜੋਂ ਦੇਣ ਲਈ 10 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਖੁਰਾਕ ਅਤੇ ਸਿਵਲ ਸਪਲਾਈ

73. ਸਾਡੀ ਸਰਕਾਰ ਨੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਨੂੰ ਉੱਚ ਤਰਜੀਹ ਦਿੱਤੀ ਹੈ ਅਤੇ ਇਹ ਯਕੀਨੀ ਬਣਾਏਗੀ ਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਆਮ ਵਿਅਕਤੀ ਦੀ ਪਹੁੰਚ ਵਿਚ ਰਹਿਣ। ਕਮਜ਼ੋਰ ਵਰਗਾਂ ਨੂੰ ਵਧਦੀਆਂ ਕੀਮਤਾਂ ਤੋਂ ਸੁਰੱਖਿਅਤ ਕਰਨ ਲਈ ਅਸੀਂ ਨਵੀਂ ਆਟਾ ਦਾਲ ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਅਧੀਨ 60,000 ਰੁਪਏ ਤਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਕ੍ਰਮਵਾਰ 2 ਰੁਪਏ ਪ੍ਰਤੀ ਕਿਲੋ ਅਤੇ 30 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਕਣਕ ਅਤੇ ਦਾਲਾਂ, 5 ਕਿਲੋ ਕਣਕ ਪ੍ਰਤੀ ਵਿਅਕਤੀ ਅਤੇ ਢਾਈ ਕਿਲੋ ਦਾਲ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮੁਹੱਈਆ ਕਰਵਾਈਆਂ ਗਈਆਂ ਹਨ। ਸਾਲ 2016-17 ਦੀ ਸਾਲਾਨਾ ਯੋਜਨਾ ਵਿਚ ਨਵੀਂ ਆਟਾ ਦਾਲ ਸਕੀਮ ਲਈ 700 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ ਅਤੇ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਸਾਲ 2015-16 ਦੌਰਾਨ 8,70,000 ਮੀਟਰਕ ਟਨ ਕਣਕ ਅਤੇ 65,000 ਮੀਟਰਕ ਟਨ ਦਾਲਾਂ ਵੰਡੀਆਂ ਗਈਆਂ ਹਨ।

74. ਕੈਬਨਿਟ ਨੇ ਤਰਨਤਾਰਨ ਜ਼ਿਲ੍ਹੇ ਦੇ ਸੇਰੋਂ ਪਿੰਡ ਵਿਖੇ 'ਇੰਟੈਗ੍ਰੇਟਿਡ ਫੂਡ ਗ੍ਰੇਨ ਮੈਨੇਜਮੈਂਟ ਪ੍ਰਾਜੈਕਟ' ਸਥਾਪਿਤ ਕਰਨ ਲਈ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੀ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਹੈ। ਸਰਕਾਰ ਪ੍ਰਾਸੈਸਿੰਗ ਸਮਰਥਾ, ਵਿਗਿਆਨਕ ਭੰਡਾਰ ਜਿਵੇਂ ਸੀਲੋਜ਼, ਆਹਲਾ ਦਰਜੇ ਦੀ ਲੈਬਾਰਟਰੀ, ਆਧੁਨਿਕ ਵਿਗਿਆਨਕ ਗੁਦਾਮਾਂ ਆਦਿ ਦੀ ਸਥਾਪਨਾ ਕਰੇਗੀ। ਖਰੀਦ ਏਜੰਸੀਆਂ ਨੂੰ ਚਾਵਲ ਕਢਾਈ ਲਈ ਝੋਨਾ ਦੂਰ ਦੇ ਸਥਾਨਾਂ ਤੇ ਨਹੀਂ ਭੇਜਣਾ ਪਵੇਗਾ ਕਿਉਂਕਿ ਇਹ ਸਥਾਨਕ ਤੌਰ ਤੇ ਹੀ ਕਰ ਲਿਆ ਜਾਵੇਗਾ। ਇਸ ਨਾਲ ਰੁਜ਼ਗਾਰ ਸਿਰਜਣ ਵਿਚ ਵੀ ਵਾਧਾ ਹੋਵੇਗਾ। ਸਾਲ 2016-17

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਦੌਰਾਨ ਖੁਰਾਕ ਅਤੇ ਸਿਵਲ ਸਪਲਾਈ ਅਧੀਨ ਕੁਲ 864 ਕਰੋੜ ਰੁਪਏ ਰਾਖਵੇਂ ਕੀਤੇ ਹਨ।

**ਪੇਂਡੂ ਵਿਕਾਸ**

75. ਸਾਲ 2016-17 ਦੀ ਸਾਲਾਨਾ ਯੋਜਨਾ ਵਿਚ ਪੇਂਡੂ ਰੁਜ਼ਗਾਰ ਅਤੇ ਉਪਜੀਵਿਕਾ ਉਪਰ ਵਧੇਰੇ ਜ਼ੋਰ ਦਿੱਤਾ ਗਿਆ ਹੈ। ਸਾਲ 2016-17 ਦੌਰਾਨ ਪੇਂਡੂ ਵਿਕਾਸ ਲਈ 3569 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮਿਤੀ 1-4-2008 ਤੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗਰੰਟੀ ਸਕੀਮ (ਮਨਰੇਗਾ) ਵਰਤੋਂ ਵਿਚ ਲਿਆਂਦੀ ਜਾ ਰਹੀ ਹੈ। ਮਨਰੇਗਾ ਅਧੀਨ ਚਾਲੂ ਰੋਜ਼ਾਨਾ ਉਜਰਤ ਦਰ 210 ਰੁਪਏ ਹੈ। ਸਾਲ 2016-17 ਦੇ ਵਿੱਤੀ ਸਾਲ ਲਈ ਮਨਰੇਗਾ ਵਾਸਤੇ 350 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ।

76. ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਦਾ ਮੁੱਖ ਉਦੇਸ਼ ਕੁਦਰਤੀ ਸ੍ਰੋਤਾਂ ਦੀ ਵਰਤੋਂ, ਸੰਭਾਲ ਅਤੇ ਵਿਕਾਸ ਕਰਨਾ ਹੈ ਜਿਵੇਂ ਕਿ ਭੂਮੀ, ਸਬਜੀਆਂ ਉਗਾਉਣ ਵਾਲਾ ਖੇਤਰ, ਜ਼ਮੀਨੀ-ਜਲ ਸਤਰ, ਭੂਮੀ ਖੁਰਣ ਤੋਂ ਬਚਾਉਣਾ, ਬਰਸਾਤੀ ਪਾਣੀ ਸੰਭਾਲ ਅਤੇ ਉਤਪਾਦਕਤਾ ਵਿਚ ਵਾਧੇ ਲਈ ਜ਼ਮੀਨੀ ਜਲ ਸਤਰ ਉਪਰ ਲਿਆਉਣਾ ਅਤੇ ਪਿੰਡ ਪੱਧਰ ਤੇ ਜ਼ਮੀਨ ਰਹਿਤ ਵਿਅਕਤੀਆਂ ਲਈ ਉਪਜੀਵਿਕਾ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਸਾਲ 2016-17 ਦੌਰਾਨ 40,900 ਹੈਕਟੇਅਰ ਭੂਮੀ ਦੇ ਸੁਧਾਰ ਲਈ 49 ਕਰੋੜ ਰੁਪਏ ਮੁਹੱਈਆ ਕਰਵਾਏ ਜਾਣੇ ਹਨ।

77. ਕੌਮੀ ਪੇਂਡੂ ਉਪਜੀਵਿਕਾ ਮਿਸ਼ਨ ਅਧੀਨ ਰਾਜ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਕਵਰ ਕਰਨ ਲਈ ਉਚਿਤ ਯਤਨ ਕਰੇਗੀ। ਪਹਿਲੇ ਪੜਾਅ ਦੌਰਾਨ 5 ਜ਼ਿਲ੍ਹਿਆਂ (ਪਟਿਆਲਾ, ਸੰਗਰੂਰ, ਫਿਰੋਜ਼ਪੁਰ, ਤਰਨਤਾਰਨ ਅਤੇ ਗੁਰਦਾਸਪੁਰ) ਦੇ 12 ਬਲਾਕ ਇਸ ਸਕੀਮ ਨੂੰ ਲਾਗੂ ਕਰਨ ਲਈ ਚੁਣੇ ਗਏ ਸਨ। ਸਾਲ 2015-16 ਦੀ ਪ੍ਰਵਾਣਿਤ ਸਾਲਾਨਾ ਕਾਰਜ ਯੋਜਨਾ ਮੁਤਾਬਿਕ ਐਨ.ਆਰ.ਐਲ.ਐਮ. ਦੀ ਪਾਲਣਾ ਨੂੰ 2 ਹੋਰ ਜ਼ਿਲ੍ਹਿਆਂ ਅਰਥਾਤ

ਬਠਿੰਡਾ ਅਤੇ ਮੁਕਤਸਰ ਲਈ ਵੀ ਪ੍ਰਵਾਨ ਕਰ ਲਿਆ ਗਿਆ ਹੈ। ਵਿੱਤੀ ਸਾਲ 2016-17 ਲਈ ਡੀ.ਆਰ.ਡੀ.ਏ ਸਮੇਤ 13.80 ਕਰੋੜ ਰੁਪਏ ਦਾ ਖ਼ਰਚ ਮੁਹੱਈਆ ਕਰਵਾਇਆ ਜਾਣਾ ਹੈ।

78. ਸਾਲ 2016-17 ਲਈ ਪੇਂਡੂ ਵਿਕਾਸ ਲਈ ਕੁਝ ਮੁੱਖ ਉਪਬੰਧ ਨਿਮਨ ਅਨੁਸਾਰ ਹਨ:-

- 2000.00 ਕਰੋੜ ਰੁਪਏ- ਪੇਂਡੂ ਮਿਸ਼ਨ।
- 692.00 ਕਰੋੜ ਰੁਪਏ - 14ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ
- 350.00 ਕਰੋੜ ਰੁਪਏ- ਮਹਾਤਮਾ ਗਾਂਧੀ ਕੌਮੀ ਰੋਜ਼ਗਾਰ ਗਰੰਟੀ ਸਕੀਮ।
- 49.00 ਕਰੋੜ ਰੁਪਏ-ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ(ਪੀ.ਐਮ.ਕੇ.ਐਸ.ਵਾਈ)।
- 36.75 ਕਰੋੜ ਰੁਪਏ -ਪਿੰਡਾਂ ਵਿਚ ਸ਼ਮਸ਼ਾਨ ਘਾਟਾਂ ਦੀ ਉਸਾਰੀ ਲਈ।
- 13.80 ਕਰੋੜ ਰੁਪਏ- ਕੌਮੀ ਪੇਂਡੂ ਉਪਜੀਵਿਕਾ ਮਿਸ਼ਨ (ਐਨ.ਆਰ.ਐਲ.ਐਮ) ਅਤੇ ਡੀ.ਆਰ.ਡੀ.ਏ.।
- 10.00 ਕਰੋੜ ਰੁਪਏ- ਇੰਦਰਾ ਆਵਾਸ ਯੋਜਨਾ (ਆਈ.ਏ.ਵਾਈ)।

## ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ

79. ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਅਧੀਨ ਸਾਲ 2016-17 ਲਈ ਸਮਾਜਿਕ ਸੈਕਟਰਾਂ ਵਿਚ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਸਬੰਧਤ ਬੁਨਿਆਦੀ ਢਾਂਚੇ ਵਿਚ ਸੁਧਾਰ ਲਈ ਛੇ ਜ਼ਿਲ੍ਹਿਆਂ ਦੇ 19 ਸਰਹੱਦੀ ਬਲਾਕਾਂ ਲਈ 40 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ।

## ਸ਼ਹਿਰੀ ਵਿਕਾਸ

80. ਫਲੈਗਸ਼ਿਪ ਪ੍ਰੋਗਰਾਮ - 100 ਸਮਾਰਟ ਸ਼ਹਿਰਾਂ ਦਾ ਵਿਕਾਸ ਮਿਸ਼ਨ-ਅਧੀਨ 3 ਸ਼ਹਿਰਾਂ ਅਰਥਾਤ ਅੰਮ੍ਰਿਤਸਰ, ਜਲੰਧਰ ਅਤੇ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਲੁਧਿਆਣਾ ਨੂੰ ਸਮਾਰਟ ਸ਼ਹਿਰਾਂ ਵਜੋਂ ਸ਼ਾਮਿਲ ਕੀਤਾ ਗਿਆ ਹੈ। ਸਮਾਰਟ ਸਿਟੀ ਵਜੋਂ ਵਿਕਸਤ ਕਰਨ ਲਈ ਪਹਿਲੇ 20 ਸ਼ਹਿਰਾਂ ਵਿਚ ਲੁਧਿਆਣੇ ਦੀ ਚੋਣ ਕੀਤੀ ਗਈ ਹੈ। ਇੱਕ ਹੋਰ ਫਲੈਗਸ਼ਿਪ ਪ੍ਰੋਗਰਾਮ ਸਵੱਛ ਭਾਰਤ ਮਿਸ਼ਨ (ਸ਼ਹਿਰੀ) ਅਧੀਨ ਘਰੇਲੂ ਪਖਾਨੇ, ਜਨਤਕ ਪਖਾਨੇ ਅਤੇ ਠੋਸ ਕੂੜਾ ਕਰਕਟ ਪ੍ਰਬੰਧ ਲਈ ਫੰਡਾਂ ਦੀ ਵਰਤੋਂ ਕੀਤੀ ਜਾਵੇਗੀ।

81. ਸਾਲ 2016-17 ਲਈ ਸ਼ਹਿਰੀ ਵਿਕਾਸ ਲਈ ਹੇਠ ਲਿਖੇ ਅਨੁਸਾਰ ਉਪਬੰਧ ਕੀਤਾ ਗਿਆ ਹੈ:-

- 330 ਕਰੋੜ ਰੁਪਏ - ਅਟਲ ਮਿਸ਼ਨ ਫਾਰ ਰਿਜੁਵੈਨੇਸ਼ਨ ਐਂਡ ਅਰਬਨ ਟ੍ਰਾਂਸਫਾਰਮੇਸ਼ਨ (ਏ.ਐਮ.ਆਰ.ਯੂ.ਟੀ.) ਲਈ।
- 300 ਕਰੋੜ ਰੁਪਏ- ਸਭ ਲਈ ਮਕਾਨ (ਸ਼ਹਿਰੀ) ।
- 100 ਕਰੋੜ ਰੁਪਏ-100 ਸਮਾਰਟ ਸ਼ਹਿਰਾਂ ਦੇ ਵਿਕਾਸ ਮਿਸ਼ਨ ਲਈ।
- 60 ਕਰੋੜ ਰੁਪਏ- ਸਵੱਛ ਭਾਰਤ ਮਿਸ਼ਨ (ਸ਼ਹਿਰੀ) ਲਈ।
- 50 ਕਰੋੜ ਰੁਪਏ-ਜੇ.ਆਈ.ਸੀ.ਏ. ਵਲੋਂ ਪ੍ਰਾਪਤ ਫੰਡ ਅੰਮ੍ਰਿਤਸਰ ਸੀਵਰੇਜ ਪ੍ਰਾਜੈਕਟ ਲਈ।
- 20 ਕਰੋੜ ਰੁਪਏ- ਕੌਮੀ ਸ਼ਹਿਰੀ ਉਪਜੀਵਿਕਾ ਮਿਸ਼ਨ ਲਈ।

**ਜਲ ਸਪਲਾਈ ਅਤੇ ਸੈਨੀਟੇਸ਼ਨ**

82. ਰਾਜ ਵਿਚ 15,333 ਪੇਂਡੂ ਅਬਾਦੀਆਂ ਵਿਚ 15,300 (99.80%) ਅਬਾਦੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਅਧੀਨ ਕਵਰ ਕੀਤਾ ਗਿਆ ਹੈ।ਕਵਰ ਕੀਤੀਆਂ ਅਬਾਦੀਆਂ ਵਿਚੋਂ 6487 ਅਬਾਦੀਆਂ 70 ਐਲ.ਪੀ.ਸੀ.ਡੀ ਸਰਵਿਸ ਪੱਧਰ ਅਤੇ ਬਾਕੀ 8813 ਅਬਾਦੀਆਂ 40 ਐਲ.ਪੀ.ਸੀ.ਡੀ. ਸਰਵਿਸ ਪੱਧਰ ਪ੍ਰਾਪਤ ਕਰ ਰਹੀਆਂ ਹਨ। ਸਵੱਛ ਭਾਰਤ ਅਭਿਆਨ ਪ੍ਰੋਗਰਾਮ ਅਧੀਨ

ਰਾਜ ਸਰਕਾਰ 2018 ਤੱਕ ਰਾਜ ਵਿਚ ਹਰੇਕ ਪਰਿਵਾਰ ਨੂੰ ਨਿੱਜੀ ਘਰੇਲੂ ਪਖ਼ਾਨੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। (ਥੰਪਿੰਗ) ਸਾਲ 2015-16 ਦੌਰਾਨ 80,000 ਨਿੱਜੀ ਘਰੇਲੂ ਪਖ਼ਾਨਿਆਂ ਦੇ ਨਿਰਮਾਣ ਦੇ ਮੁਕਾਬਲੇ ਸਾਲ 2016-17 ਦੌਰਾਨ 4.00 ਲੱਖ ਨਿੱਜੀ ਘਰੇਲੂ ਪਖਾਨੇ ਬਣਾਉਣ ਦਾ ਟੀਚਾ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਸਵੱਛ ਪੀਣ ਯੋਗ ਪਾਣੀ ਉਪਰ ਵਿਸ਼ੇਸ਼ ਜ਼ੋਰ ਦੇ ਰਹੀ ਹੈ।1833 ਆਰ.ਓ.ਸਿਸਟਮ ਪਹਿਲਾਂ ਹੀ ਸਥਾਪਤ ਕੀਤੇ ਜਾ ਚੁੱਕੇ ਹਨ। ਸਾਲ 2015-16 ਅਧੀਨ 561 ਆਰ.ਓ.ਸਿਸਟਮ ਲਗਾਏ ਜਾ ਰਹੇ ਹਨ। 546 ਆਰ.ਓ. ਸਿਸਟਮ ਸਥਾਪਤ ਕਰਨ ਲਈ 90 ਕਰੋੜ ਰੁਪਏ ਦਾ ਇਕ ਹੋਰ ਪ੍ਰਾਜੈਕਟ ਨਾਬਾਰਡ ਦੀ ਸਹਾਇਤਾ ਨਾਲ ਮੁਕੰਮਲ ਕਰਨ ਲਈ ਕੰਮ ਜ਼ੋਰਾਂ ਤੇ ਹੈ।

83. ਸਾਲ 2016-17 ਦੀ ਸਾਲਾਨਾ ਯੋਜਨਾ ਵਿਚ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਲਈ 888 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਮਹੱਤਵਪੂਰਨ ਸਕੀਮਾਂ ਹੇਠ ਲਿਖੇ ਅਨੁਸਾਰ ਹਨ:-

- 250 ਕਰੋੜ ਰੁਪਏ- ਵਿਸ਼ਵ ਬੈਂਕ ਤੋਂ ਸਹਾਇਤਾ ਪ੍ਰਾਪਤ "ਦੂਸਰੇ ਪੰਜਾਬ ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਸੈਕਟਰ ਤਰੱਕੀ ਪ੍ਰੋਗਰਾਮ" ਲਈ ।
- 75 ਕਰੋੜ ਰੁਪਏ- ਸਵੱਛ ਭਾਰਤ ਅਭਿਆਨ (ਗ੍ਰਾਮੀਣ) ਲਈ।
- 60 ਕਰੋੜ ਰੁਪਏ- ਕੌਮੀ ਪੇਂਡੂ ਪੀਣ ਯੋਗ ਜਲ ਸਪਲਾਈ ਪ੍ਰੋਗਰਾਮ ਲਈ।
- 18 ਕਰੋੜ ਰੁਪਏ-ਪੰਜਾਬ ਦੇ ਭਾਰੀ ਧਾਤ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਸਿਸਟਮ ਸਥਾਪਤ ਕਰਨ ਲਈ।

**ਸਿੱਖਿਆ**

84. ਸ਼੍ਰੀਮਾਨ ਜੀ, ਪੰਜਾਬ ਨੂੰ ਐਨ.ਯੂ.ਈ.ਪੀ.ਏ ਵੱਲੋਂ ਹਾਲ ਹੀ ਵਿਚ ਜਾਰੀ ਸਕੂਲ ਸਿੱਖਿਆ ਸਬੰਧੀ ਅੰਕੜਿਆਂ ਵਿਚ ਦਸਵੇਂ ਸਥਾਨ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਤੇ ਦਰਸਾਇਆ ਗਿਆ ਹੈ। ਮੌਜੂਦਾ ਵਿੱਤੀ ਸਾਲ ਦੌਰਾਨ ਐਸੋਚੈਮ ਦੁਆਰਾ ਜਾਰੀ ਅਧਿਐਨ ਵਿਚ ਦੇਸ਼ ਵਿਚ ਵਿਦਿਅਕ ਖੇਤਰ ਦੇ ਵਿਕਾਸ ਦੇ ਸਬੰਧ ਵਿਚ ਪੰਜਾਬ ਨੂੰ ਪਹਿਲੇ ਨੰਬਰ ਤੇ ਘੋਸ਼ਿਤ ਕੀਤਾ ਗਿਆ ਹੈ। ਸਕੂਲ ਪ੍ਰਣਾਲੀ ਦੀ ਮਜ਼ਬੂਤੀ ਲਈ ਪੰਜਾਬ ਸਰਕਾਰ ਨੇ ਅਧਿਆਪਕਾਂ ਦੀ ਭਰਤੀ ਨੂੰ ਪਹਿਲ ਦਿਤੀ ਹੈ। 2007 ਤੋਂ ਲੈ ਕੇ 48,850 ਨਵੇਂ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਅਤੇ 12,000 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਹੈ। ਚਾਲੂ ਯੋਜਨਾ ਦੇ ਅੰਤ ਤੱਕ ਰਾਜ ਦਾ ਉਦੇਸ਼ 100 ਫ਼ੀਸਦ ਜੀ ਈ ਆਰ, 100 ਫ਼ੀਸਦ ਐਨ ਈ ਆਰ, ਜ਼ੀਰੋ ਡਰਾਪਆਊਟ ਅਤੇ 100 ਫ਼ੀਸਦ ਰੀਟੈਂਸ਼ਨ ਦੀ ਪ੍ਰਾਪਤੀ ਕਰਨਾ ਹੈ। 2011 ਦੀ ਜਨਗਣਨਾ ਮੁਤਾਬਿਕ ਰਾਜ ਦੀ ਸਾਖ਼ਰਤਾ ਦਰ ਸਰਵ ਭਾਰਤੀ ਪੱਧਰ ਦੇ 74.04 ਫ਼ੀਸਦ ਦੇ ਮੁਕਾਬਲੇ 76.7 ਫ਼ੀਸਦ ਹੈ।

85. ਗਰੀਬ ਪਰਿਵਾਰਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਮੁਹੱਈਆ ਕਰਾਉਣ ਲਈ ਰਾਜ ਨੇ ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਮੁਹਾਲੀ, ਪਟਿਆਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ 6200 ਵਿਦਿਆਰਥੀਆਂ ਦੀ ਸਮਰੱਥਾ ਵਾਲੇ ਸੱਤ ਰਿਹਾਇਸ਼ੀ ਸਕੂਲ ਸਥਾਪਤ ਕੀਤੇ ਹਨ। ਇਹ ਸਾਰੇ ਰਿਹਾਇਸ਼ੀ ਸਕੂਲ ਕਾਰਜਸ਼ੀਲ ਹੋ ਗਏ ਹਨ ਅਤੇ ਚਾਲੂ ਵਿੱਤੀ ਸਾਲ ਦੌਰਾਨ ਇਨ੍ਹਾਂ ਦੇ ਸੰਚਾਲਨ ਤੇ 65 ਕਰੋੜ ਰੁਪਏ ਖ਼ਰਚੇ ਗਏ ਹਨ। 5200 ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪਰੀਖਿਆਵਾਂ ਲਈ ਖਾਣ ਪੀਣ, ਰਿਹਾਇਸ਼ ਤੇ ਵਧੀਕ ਕੋਚਿੰਗ ਸਮੇਤ ਮੁਫ਼ਤ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। 90 ਕਰੋੜ ਰੁਪਏ ਦੀ ਲਾਗਤ ਨਾਲ ਫਿਰੋਜ਼ਪੁਰ, ਗੁਰਦਾਸਪੁਰ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਤਿੰਨ ਹੋਰ ਸਕੂਲ ਨਿਰਮਾਣ ਅਧੀਨ ਹਨ ਅਤੇ ਸਾਲ 2016-17 ਦੇ ਅਕਾਦਮਿਕ ਸੈਸ਼ਨ ਤੱਕ ਕਾਰਜਸ਼ੀਲ ਹੋ ਜਾਣਗੇ। ਇਨ੍ਹਾਂ ਸਕੂਲਾਂ ਨੂੰ 105 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਹੈ। ਇਨ੍ਹਾਂ ਸਕੂਲਾਂ ਦੇ ਯੋਗ ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਲਈ 15 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਹੈ।

੮6. ਐੱਸ.ਐੱਸ.ਏ ਦੇ ਅਧੀਨ ੮ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਅਤੇ ਮਿਡ-ਡੇ ਮੀਲ ਮੁਹੱਈਆ ਕਰਵਾਇਆ ਜਾ ਰਿਹਾ ਹੈ। ਐਲੀਮੈਂਟਰੀ ਪੱਧਰ ਤੇ ਸਾਰੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ/ਬੀ.ਪੀ.ਐੱਲ ਪਰਿਵਾਰਾਂ ਦੇ ਲੜਕਿਆਂ ਨੂੰ ਮੁਫ਼ਤ ਵਰਦੀਆਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਲਈ ਵੀਲ੍ਹ ਚੇਅਰ ਅਤੇ ਬਨਾਵਟੀ ਅੰਗ ਆਦਿ ਮੁਹੱਈਆ ਕਰਵਾਏ ਗਏ ਹਨ। ਸਰਕਾਰੀ ਸਕੂਲਾਂ ਵਿਚ ਸਿੱਖਿਆ ਦੀ ਕੁਆਲਿਟੀ ਵਿਚ ਸੁਧਾਰ ਲਈ 'ਪ੍ਰਵੇਸ਼ ਪ੍ਰਾਜੈਕਟ' ਵੀ ਸ਼ੁਰੂ ਕੀਤਾ ਗਿਆ ਹੈ। ਚਾਲੂ ਅਕਾਦਮਿਕ ਵਰ੍ਹੇ ਤੋਂ 5ਵੀਂ ਅਤੇ ੮ਵੀਂ ਜਮਾਤ ਦੇ ਵਿਦਿਆਰਥੀਆਂ ਦਾ ਬਾਹਰੀ ਮੁਲਾਂਕਣ ਵੀ ਸ਼ੁਰੂ ਕੀਤਾ ਗਿਆ ਹੈ ਅਤੇ ਨਿਯਮਿਤ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਰੁਜ਼ਗਾਰ ਯੋਗ ਬਣਾਉਣ ਲਈ ਵੱਖ-ਵੱਖ ਟ੍ਰੇਡਾਂ ਜਿਵੇਂ ਕਿ ਪ੍ਰਚੂਨ, ਆਈ.ਟੀ.ਈ.ਐੱਸ, ਸੈਰਸਪਾਟਾ ਅਤੇ ਮਹਿਮਾਨ ਨਿਵਾਜ਼ੀ, ਆਟੋਮੋਬਾਇਲ, ਸੁਰੱਖਿਆ ਆਦਿ ਵਿਚ 400 ਸਕੂਲਾਂ ਵਿਚ ਕਿੱਤਾ ਮੁੱਖੀ ਸਿੱਖਿਆ ਸ਼ੁਰੂ ਕੀਤੀ ਗਈ ਹੈ।

੮7. ਪੰਜਾਬ ਰਾਜ ਸਕੂਲਾਂ ਵਿਚ ਕੰਪਿਊਟਰ ਅਤੇ ਸੈਟੇਲਾਈਟ ਆਧਾਰਤ ਸਿੱਖਿਆ ਮੁਹੱਈਆ ਕਰਵਾਉਣ ਵਿਚ ਮੋਢੀ ਸੂਬਾ ਹੈ। ਸਾਰੇ ਅੱਪਰ ਪ੍ਰਾਇਮਰੀ ਸਕੂਲਾਂ ਨੂੰ ਕੰਪਿਊਟਰ ਲੈਬ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਸਾਰੇ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਐਜੂਸੈੱਟ ਸੁਵਿਧਾ ਮੁਹੱਈਆ ਕਰਵਾਈ ਗਈ ਹੈ। ਇਸ ਸਕੀਮ ਦੀ ਪਾਲਣਾ ਲਈ ਪਿਛਲੇ ਸਾਲ 400 ਕਰੋੜ ਰੁਪਏ ਤੋਂ ਵਧੇਰੇ ਖ਼ਰਚ ਕੀਤੇ ਗਏ ਸਨ। ਸਮਾਂ ਬੀਤਣ ਨਾਲ ਕੁਝ ਸਕੂਲਾਂ ਵਿਚ ਆਈ.ਟੀ. ਨਾਲ ਸਬੰਧਤ ਬੁਨਿਆਦੀ ਢਾਂਚਾ ਪੁਰਾਣਾ ਹੋ ਗਿਆ ਹੈ। ਮੈਂ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੀ ਪੁਨਰ ਸੁਰਜੀਤੀ ਲਈ 100 ਕਰੋੜ ਰੁਪਏ ਮੁਹੱਈਆ ਕਰਵਾਉਣ ਦੀ ਤਜਵੀਜ਼ ਕਰਦਾ ਹਾਂ। (ਥੰਪਿੰਗ)

੮੮. ਵਿਦਿਆਰਥੀਆਂ ਵਿਚ ਵਿਗਿਆਨ ਨਾਲ ਸਬੰਧਤ ਸਿੱਖਿਆ ਦੇ ਵਿਕਾਸ ਲਈ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। 1੮

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਫਰਵਰੀ 2016 ਨੂੰ ਮਾਣਯੋਗ ਮੁੱਖ ਮੰਤਰੀ ਜੀ ਵਲੋਂ 'ਮੁੱਖ ਮੰਤ੍ਰੀ ਵਿਗਿਆਨ ਯਾਤਰਾ' ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਦਾ ਉਦੇਸ਼ ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਪੈਦਾ ਕਰਨ ਲਈ ਸਰਕਾਰੀ ਸਕੂਲਾਂ ਦੇ ਅੱਪਰ ਪ੍ਰਾਇਮਰੀ ਸ਼੍ਰੇਣੀਆਂ ਦੇ ਸਾਰੇ ਵਿਦਿਆਰਥੀਆਂ ਨੂੰ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਦੀ ਯਾਤਰਾ ਕਰਵਾਉਣਾ ਹੈ।

89. ਸਕੂਲ ਸਿੱਖਿਆ ਲਈ ਸਾਲ 2016-17 ਦੌਰਾਨ 8732 ਕਰੋੜ ਰੁਪਏ ਦਾ ਖ਼ਰਚ ਰਾਖਵਾਂ ਕੀਤਾ ਗਿਆ ਹੈ। ਮੁੱਖ ਉਪਬੰਧ ਹੇਠ ਲਿਖੇ ਹਨ:

- 750 ਕਰੋੜ ਰੁਪਏ- ਸਰਵ ਸ਼ਿਕਸ਼ਾ ਅਭਿਆਨ ਪ੍ਰੋਗਰਾਮ।
- 410 ਕਰੋੜ ਰੁਪਏ- 6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਕੰਪਿਊਟਰ ਸਿੱਖਿਆ ਦੇਣ ਲਈ ਆਈ.ਸੀ.ਟੀ. ਪ੍ਰਾਜੈਕਟ ਲਈ।
- 250 ਕਰੋੜ ਰੁਪਏ- ਮਿਡ-ਡੇ ਮੀਲ ਸਕੀਮ।
- 180 ਕਰੋੜ ਰੁਪਏ- ਰਾਸ਼ਟਰੀ ਮਾਧਿਆਮਿਕ ਸ਼ਿਕਸ਼ਾ ਅਭਿਆਨ (ਰਮਸਾ) ਪ੍ਰੋਗਰਾਮ।
- 100 ਕਰੋੜ ਰੁਪਏ- ਆਦਰਸ਼ ਅਤੇ ਮੈਰੀਟੋਰੀਅਸ ਸਕੂਲ ਖੋਲ੍ਹਣ/ਚਲਾਉਣ ਲਈ ਅਤੇ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚਾ ਵਿਕਾਸ ਲਈ।
- 100 ਕਰੋੜ ਰੁਪਏ- ਕਿੱਤਾਮੁੱਖੀ ਸਿੱਖਿਆ ਪ੍ਰੋਗਰਾਮ ਲਈ।
- 70 ਕਰੋੜ ਰੁਪਏ-ਪੰਜਾਬ ਸਵਾਸਥ ਕੰਨਿਆ ਯੋਜਨਾ।

## ਉਚੇਰੀ ਸਿੱਖਿਆ

90. ਮੈਂ, ਸਾਲ 2016-17 ਦੌਰਾਨ 98.73 ਕਰੋੜ ਰੁਪਏ ਦੇ ਯੋਜਨਾ ਰਾਖਵੇਂਕਰਨ ਨਾਲ ਉਚੇਰੀ ਸਿੱਖਿਆ ਲਈ ਕੁੱਲ 835 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਕਰਦਾ ਹਾਂ, ਜਿਸ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਾਈ ਭਾਗੋ ਗਰਲਜ਼ ਹੋਸਟਲ ਦੇ ਨਵੇਂ ਬਲਾਕ ਦੇ ਨਿਰਮਾਣ ਲਈ 14.20 ਕਰੋੜ ਰੁਪਏ ਸ਼ਾਮਲ ਹਨ।

91. ਸਾਲ 2016-17 ਲਈ ਰਾਜ ਸਰਕਾਰ ਦੁਆਰਾ ਯੂਨੀਵਰਸਿਟੀਆਂ ਅਤੇ ਉਚੇਰੀ ਸਿੱਖਿਆ ਸੰਸਥਾਵਾਂ ਲਈ ਕੀਤੇ ਕੁੱਲ ਰਾਖਵੇਂਕਰਨ ਇਸ ਪ੍ਰਕਾਰ ਹਨ:

- 335 ਕਰੋੜ ਰੁਪਏ-ਸਹਾਇਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਲਈ ਸਹਾਇਤਾ ਗ੍ਰਾਂਟ।
- 77 ਕਰੋੜ ਰੁਪਏ-ਪੰਜਾਬੀ ਯੂਨੀਵਰਸਿਟੀ, ਪਟਿਆਲਾ।
- 49.55 ਕਰੋੜ ਰੁਪਏ- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
- 26 ਕਰੋੜ ਰੁਪਏ- ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**ਹੁਨਰ ਵਿਕਾਸ**

92. ਵੱਖ-ਵੱਖ ਹੁਨਰ ਵਿਕਾਸ ਪਹਿਲਕਦਮੀਆਂ ਰਾਹੀਂ ਸਾਡੇ ਨੌਜਵਾਨਾਂ ਦੀ ਰੁਜ਼ਗਾਰ ਯੋਗਤਾ ਵਿਚ ਵਾਧਾ ਸਰਕਾਰ ਦੀ ਸਭ ਤੋਂ ਉੱਚ ਤਰਜੀਹ ਹੈ। ਸਾਡੀ ਸਰਕਾਰ ਨੇ ਰਾਜ ਵਿਚ ਹੁਨਰ ਵਿਕਾਸ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਲਈ ਮਾਣਯੋਗ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਅਧੀਨ ਪੰਜਾਬ ਹੁਨਰ ਵਿਕਾਸ ਮਿਸ਼ਨ ਸਥਾਪਤ ਕੀਤਾ ਹੈ। ਇਸ ਮਿਸ਼ਨ ਤਹਿਤ, ਪੰਜਾਬ ਸਰਕਾਰ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਅਤੇ ਬਠਿੰਡਾ ਵਿਖੇ 5 ਬਹੁ-ਹੁਨਰੀ ਵਿਕਾਸ ਕੇਂਦਰ ਸਥਾਪਤ ਕਰ ਰਹੀ ਹੈ। 5 ਬਹੁ-ਹੁਨਰੀ ਵਿਕਾਸ ਕੇਂਦਰ ਦਾ ਉਸਾਰੀ ਕਾਰਜ ਸ਼ੁਰੂ ਕੀਤਾ ਜਾ ਚੁੱਕਾ ਹੈ, ਜਿਹੜਾ ਕਿ ਜੂਨ, 2016 ਤਕ ਕਾਰਜਸ਼ੀਲ ਹੋ ਜਾਵੇਗਾ ਅਤੇ ਇਹ ਸਾਲ ਵਿਚ 10,000 ਨੌਜਵਾਨਾਂ ਨੂੰ ਸਿਖਲਾਈ ਦੇਣ ਦੇ ਸਮਰੱਥ ਹੋਵੇਗਾ।

93. ਮੈਡੀਕਲ ਸਿੱਖਿਆ ਵਿਭਾਗ ਨਾਲ ਭਾਈਵਾਲੀ ਵਿਚ ਮਿਸ਼ਨ ਪਟਿਆਲਾ, ਫਰੀਦਕੋਟ, ਅੰਮ੍ਰਿਤਸਰ ਮੈਡੀਕਲ ਕਾਲਜਾਂ ਵਿਖੇ ਸਿਹਤ ਸੈਕਟਰ ਵਿਚ 3 ਹੁਨਰ ਵਿਕਾਸ ਕੇਂਦਰਾਂ ਵੀ ਸਥਾਪਤ ਕਰ ਰਿਹਾ ਹੈ। ਇਨ੍ਹਾਂ ਕੇਂਦਰਾਂ ਵਿਚ ਸਿਹਤ ਸੈਕਟਰ ਹੁਨਰ ਕਾਉਂਸਿਲ ਰਾਹੀਂ ਸ਼ਨਾਖ਼ਤ ਕੀਤੇ ਸਿਹਤ ਸਬੰਧਤ ਹੁਨਰ ਸਿਖਲਾਈ ਕੋਰਸ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਚਲਾਏ ਜਾਣਗੇ। ਇਹ ਕੇਂਦਰ ਜੂਨ, 2016 ਤੱਕ ਕਾਰਜਸ਼ੀਲ ਹੋ ਜਾਣਗੇ ਅਤੇ ਸਾਲ ਵਿਚ 3,000 ਨੌਜਵਾਨਾਂ ਨੂੰ ਸਿਖਲਾਈ ਦੇਣ ਦੇ ਸਮਰੱਥ ਹੋਣਗੇ।

94. ਕਿਰਤ ਵਿਭਾਗ ਨਾਲ ਭਾਈਵਾਲੀ ਵਿਚ ਮਿਸ਼ਨ ਮੁਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਨਿਰਮਾਣ ਖੇਤਰ ਵਿਚ ਚਾਰ ਹੁਨਰ ਸਿਖਲਾਈ ਕੇਂਦਰ ਸਥਾਪਤ ਕਰ ਰਿਹਾ ਹੈ। ਇਹ ਕੇਂਦਰ ਅਕਤੂਬਰ, 2016 ਤੱਕ ਤਿਆਰ ਹੋ ਜਾਣਗੇ ਅਤੇ ਸਾਲ ਵਿਚ 5000 ਨੌਜਵਾਨਾਂ ਨੂੰ ਸਿਖਲਾਈ ਦੇਣ ਦੇ ਸਮਰੱਥ ਹੋਣਗੇ। ਮਿਸ਼ਨ ਆਟੋਮੋਬਾਇਲ ਖੇਤਰ ਵਿਚ ਦੋ, ਖੇਤੀਬਾੜੀ ਵਿਚ ਇੱਕ ਅਤੇ ਪਸ਼ੂ-ਪਾਲਣ ਖੇਤਰ ਵਿਚ ਇਕ ਹੁਨਰ ਸਿਖਲਾਈ ਕੇਂਦਰ ਵੀ ਸਥਾਪਤ ਕਰ ਰਿਹਾ ਹੈ। ਹੁਨਰ ਵਿਕਾਸ ਮਿਸ਼ਨ ਤਹਿਤ ਸਾਲ 2016-17 ਲਈ 150 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

95. ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ 26 ਸਿਖਲਾਈ ਭਾਗੀਦਾਰਾਂ ਨੂੰ ਸੂਚੀਬੱਧ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਰਾਜ ਵਿਚ ਅਜੀਵਕਾ, ਐਨ.ਯੂ.ਐਲ.ਐਮ. ਅਤੇ ਬੀ.ਓ.ਸੀ.ਡਬਲਿਊ. ਸਕੀਮਾਂ ਤਹਿਤ 50,000 ਨੌਜਵਾਨਾਂ ਨੂੰ ਹੁਨਰਮੰਦ ਕਰਨ ਦੇ ਸਾਂਝੇ ਟੀਚੇ ਦਿੱਤੇ ਗਏ ਹਨ। ਸਰਕਾਰੀ ਆਈ.ਟੀ.ਆਈ, ਲੁਧਿਆਣਾ ਨੂੰ ਆਦਰਸ਼ ਆਈ.ਟੀ.ਆਈ. ਵਿਚ ਅਪਗ੍ਰੇਡ ਕੀਤਾ ਜਾ ਰਿਹਾ ਹੈ ਜਿਸ ਦੇ ਲਈ ਨਿੱਜੀ ਸਿਖਲਾਈ ਭਾਗੀਦਾਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਅਤੇ ਜੂਨ, 2016 ਵਿਚ ਸਿਖਲਾਈ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ।

96. ਮਿਸ਼ਨ ਨੇ ਆਈ. ਸੀ.ਆਈ.ਸੀ.ਆਈ ਅਕੈਡਮੀ ਫਾਰ ਸਕਿੱਲਜ਼ (ਆਈ. ਸੀ. ਆਈ. ਸੀ. ਆਈ.ਅਕੈਡਮੀ) ਨਾਲ ਇਕਰਾਰਨਾਮਾ ਕੀਤਾ ਹੈ, ਜਿਹੜਾ ਕਿ ਆਈ.ਸੀ.ਆਈ.ਸੀ.ਆਈ. ਗਰੁੱਪ ਵਲੋਂ ਸ਼ੁਰੂ ਕੀਤੀ ਗਈ ਕੌਮੀ ਪੱਧਰ ਤੇ ਹੁਨਰ ਨਿਰਮਾਣ ਪਹਿਲਕਦਮੀ ਹੈ। ਇਹ ਪਹਿਲਕਦਮੀ ਰਾਜ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਉਪਜੀਵਕਾ ਸਮਰੱਥਾ ਅਤੇ ਜੀਵਨ ਮਿਆਰ ਨੂੰ ਬਿਹਤਰ ਕਰਨ ਲਈ ਰੁਜ਼ਗਾਰ ਕੇਂਦਰਤ ਕਿੱਤਾਮੁਖੀ ਹੁਨਰ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ

ਆਰੰਭ ਕੀਤੀ ਗਈ ਹੈ। ਇਹ ਅਕਾਦਮੀ ਸਾਲਾਨਾ 1000 ਤੋਂ ਵੱਧ ਨੌਜਵਾਨਾਂ ਨੂੰ ਮੁਫ਼ਤ ਹੁਨਰ ਸਿਖਲਾਈ ਮੁਹੱਈਆ ਕਰਵਾਏਗੀ ਅਤੇ ਉਮੀਦਵਾਰਾਂ ਦੀ ਸਿਖਲਾਈ, ਰਹਿਣ ਅਤੇ ਖਾਣ-ਪੀਣ ਦਾ ਸਮੁੱਚਾ ਖ਼ਰਚ ਆਪ ਕਰੇਗੀ। ਜੀਰਕਪੁਰ ਵਿੱਚ ਦਲਿਤ ਵਰਗ ਦੀਆਂ ਇਸਤਰੀਆਂ ਲਈ ਇਕ ਨਿਵੇਕਲਾ ਕੇਂਦਰ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਇਸ ਦੇ ਸ਼ੁਰੂ ਹੋਣ ਤੋਂ 220 ਤੋਂ ਵੀ ਵੱਧ ਇਸਤਰੀਆਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ।

97. ਸਕੂਲ ਸਿੱਖਿਆ ਵਿਭਾਗ, ਉਚੇਰੀ ਸਿੱਖਿਆ ਵਿਭਾਗ ਅਤੇ ਤਕਨੀਕੀ ਸਿੱਖਿਆ ਵਿਭਾਗ ਰਾਹੀਂ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਨਵੇਂ ਹੁਨਰ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ। ਨੀਤੀ ਆਯੋਗ ਵਲੋਂ ਸਥਾਪਿਤ ਮਾਣਯੋਗ ਮੁੱਖ ਮੰਤਰੀ ਜੀ ਦੀ ਅਗਵਾਈ ਅਧੀਨ ਸਬ-ਗਰੁੱਪ ਨੇ ਮਿਆਰ,ਪ੍ਰਾਸੰਗਿਕਤਾ, ਮਾਤਰਾ ਵਿਚ ਸੁਧਾਰ ਕਰਨ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਉਤੇ ਵਿਸਤ੍ਰਿਤ ਵਿਚਾਰ ਵਟਾਂਦਰਾ ਕੀਤਾ ਅਤੇ ਹੇਠ ਲਿਖਿਆਂ ਉਤੇ ਜ਼ੋਰ ਪਾਉਂਦੇ ਹੋਏ ਆਪਣੀ ਵਿਸਥਾਰਪੂਰਬਕ ਰਿਪੋਰਟ ਪੇਸ਼ ਕੀਤੀ:

- ਵਿਕੇਂਦਰੀਕ੍ਰਿਤ ਅਮਲ ਅਤੇ ਕੁਸ਼ਲ ਤਾਲਮੇਲ ਲਈ ਰਾਜ ਪੱਧਰ ਤੇ ਤਿੰਨ-ਪੜਾਵੀ ਢਾਂਚਾ ਅਰਥਾਤ ਰਾਜ, ਜ਼ਿਲ੍ਹਾ ਅਤੇ ਬਲਾਕ ਪੱਧਰ ਦੁਆਰਾ ਰਾਜ ਹੁਨਰ ਵਿਕਾਸ ਮਿਸ਼ਨ ਨੂੰ ਇਕ ਤਾਲਮੇਲ ਸੰਸਥਾ ਵਜੋਂ ਮਜ਼ਬੂਤ ਕਰਨਾ ।
- ਰਾਜ ਪੱਧਰ ਤੇ ਖੇਤਰੀ ਤਰਜੀਹਾਂ ਨਿਰਧਾਰਣ ਕਰਨਾ।
- ਰਾਜ ਹੁਨਰ ਵਿਕਾਸ ਮਿਸ਼ਨਾਂ ਦੀ ਸਹਾਇਤਾ ਲਈ ਸੈਕਟਰ ਸਕਿਲ ਕਾਉਂਸਲਜ਼ ।
- ਹੁਨਰ ਸਿਖਲਾਈ ਵਿਚ ਉਦਯੋਗ ਦੀ ਸ਼ਮੂਲੀਅਤ ।
- ਨੌਜਵਾਨਾਂ ਵਿੱਚ ਹੁਨਰ ਸਿਖਲਾਈ ਲਈ ਚੇਤਨਾ ਅਤੇ ਅਭਿਲਾਸ਼ਾਵਾਂ ਪੈਦਾ ਕਰਨਾ ।
- ਸੀ ਐੱਸ ਆਰ ਫੰਡਿੰਗ ਸਮੇਤ ਹੁਨਰ ਸਿਖਲਾਈ ਲਈ ਜ਼ਰੂਰੀ ਸਰੋਤਾਂ ਨੂੰ ਜੁਟਾਉਣਾ ।

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

**ਰੁਜ਼ਗਾਰ ਸਿਰਜਨ**

98. ਸ੍ਰੀਮਾਨ ਜੀ, ਸਾਡੀ ਸਰਕਾਰ ਬੇਰੁਜ਼ਗਾਰੀ ਦੀ ਸੱਮਸਿਆ ਨਾਲ ਨਜਿਠਣ ਲਈ ਠੋਸ ਯਤਨ ਕਰ ਰਹੀ ਹੈ। ਵੱਖ ਵੱਖ ਟ੍ਰੇਡਾਂ ਵਿਚ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਜ਼ਿਲ੍ਹਾ ਮੁਕਤਸਰ ਸਾਹਿਬ ਵਿਚ ਮਾਹੂਆਣਾ ਵਿਖੇ ਆਟੋਮੋਟਿਵ ਐਂਡ ਡਰਾਈਵਿੰਗ ਸਕਿੱਲ ਦੀ ਰਾਜ ਸੰਸਥਾ, ਸ੍ਰੀ ਮੁਕਤਸਰ ਸਾਹਿਬ ਵਿਚ ਪਿੰਡ ਅਬੁਲ ਖੁਰਾਣਾ ਵਿਖੇ ਨਿਰਮਾਣ ਲਈ ਹੁਨਰ ਵਿਕਾਸ ਕੇਂਦਰ ਦਾ ਨਿਰਮਾਣ, ਮੁਹਾਲੀ ਵਿਚ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਸੰਸਥਾ, ਮੁਹਾਲੀ ਵਿਖੇ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਸੰਸਥਾ (ਲੜਕੀਆਂ ਲਈ) ,ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਅਤੇ ਸਿੱਖਲਾਈ ਲਈ ਕੇਂਦਰ (ਸੀ-ਪਾਈਟ) ਸਥਾਪਤ ਕੀਤੇ ਗਏ ਹਨ। ਇਨ੍ਹਾਂ ਸੰਸਥਾਵਾਂ ਵਿਚ ਸਾਲ 2015-16 ਦੌਰਾਨ 15.33 ਕਰੋੜ ਰੁਪਏ ਦੀ ਲਾਗਤ ਨਾਲ 23,121 ਵਿਅਕਤੀਆਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ। ਸਿੱਖਿਆ ਪ੍ਰਾਪਤ ਵਧੇਰੇ ਸਿਖਿਆਰਥੀਆਂ ਨੂੰ ਜਾਂ ਤਾਂ ਰੁਜ਼ਗਾਰ ਪ੍ਰਾਪਤ ਹੋ ਗਿਆ ਹੈ ਜਾਂ ਉਨ੍ਹਾਂ ਵੱਲੋਂ ਆਪਣੇ ਕਾਰੋਬਾਰ ਸ਼ੁਰੂ ਕਰ ਲਏ ਹਨ। ਸਾਲ 2016-17 ਵਿਚ 23,646 ਵਿਅਕਤੀਆਂ ਨੂੰ ਸਿਖਲਾਈ ਦੇਣ ਲਈ 13.77 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਕਿਰਤ ਅਤੇ ਰੁਜ਼ਗਾਰ ਸਿਰਜਨ ਲਈ ਸਾਲ 2016-17 ਲਈ 264 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਕੀਤੀ ਗਈ ਹੈ।

**ਸਿਹਤ**

99. ਸਾਲ, 2006 ਵਿਚ ਬਾਲ ਮ੍ਰਿਤੂ ਦਰ 44 ਤੋਂ 18 ਪੁਆਇੰਟ ਘਟ ਕੇ ਸਾਲ 2014 ਵਿਚ 26 ਰਹਿ ਗਈ। ਰਾਜ ਨੂੰ ਬਾਲ ਮ੍ਰਿਤੂ ਦਰ ਨੂੰ ਘਟਾਉਣ ਲਈ ਕੀਤੇ ਯਤਨਾਂ ਲਈ ਭਾਰਤ ਸਰਕਾਰ ਵਲੋਂ 383 ਕਰੋੜ ਰੁਪਏ ਦਾ ਐਵਾਰਡ ਦਿੱਤਾ ਗਿਆ ਹੈ। ਬਾਲ ਮ੍ਰਿਤੂ ਦਰ ਘਟਾਉਣ ਲਈ ਰਾਜ ਦੇ ਯਤਨਾਂ ਦੀ ਸ਼ਲਾਘਾ ਅਤੇ ਰਾਜ ਵਿਚ ਸੁਰੱਖਿਅਤ ਜਣੇਪਿਆਂ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨੇ ਜੁਲਾਈ, 2015 ਵਿਚ ਸ਼ਿਮਲਾ ਵਿਖੇ ਹੋਈ ਨੈਸ਼ਨਲ ਕਾਨਫਰੰਸ

ਵਿਚ ਰਾਜ ਨੂੰ ਭਾਰਤ ਵਿਚ ਜਨਤਕ ਸਿਹਤ ਪ੍ਰਣਾਲੀ ਸਬੰਧੀ ਨਵੇਂ ਅਤੇ ਵਧੀਆ ਵਿਵਹਾਰਾਂ ਨੂੰ ਅਮਲ ਵਿਚ ਲਿਆਉਣ ਲਈ ਪੁਰਸਕਾਰ ਦਿੱਤਾ ਹੈ।

100. ਰਾਜ ਸਰਕਾਰ ਨੂੰ ਸਾਲ, 2015 ਲਈ ਤੰਬਾਕੂ ਨਿਯੰਤ੍ਰਣ ਨੂੰ ਤਰਜੀਹ ਦੇਣ ਅਤੇ ਕਈ ਨਵੇਂ ਢੰਗਾਂ ਅਤੇ ਵਿਸਿਤ੍ਰਤ ਪਹੁੰਚ ਅਪਨਾਉਣ ਅਤੇ ਬਹੁਤ ਸਾਰੀਆਂ ਨਵੀਆਂ ਪਹਿਲਕਦਮੀਆਂ ਕਰਨ ਅਤੇ ਇਸ ਬਿਮਾਰੀ ਨਾਲ ਨਜਿੱਠਣ ਵਿਚ ਤੇਜ਼ੀ ਨਾਲ ਵਿਕਾਸ ਕਰਨ ਲਈ, ਵਿਸ਼ਵ ਸਿਹਤ ਸੰਗਠਨ (ਡਬਲਿਯੂ.ਐਚ.ਓ.) ਵੱਲੋਂ 'ਵਰਲਡ ਨੋ ਤੰਬਾਕੂ ਡੇ ਅਵਾਰਡ' ਦਿੱਤਾ ਗਿਆ ਹੈ।

101. ਰਾਜ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਕਈ ਕਦਮ ਚੁੱਕੇ ਹਨ। ਮੁੱਖ ਮੰਤਰੀ ਕੈਂਸਰ ਰਾਹਤ ਫ਼ੰਡ ਵਿਚੋਂ ਵੱਖ-ਵੱਖ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿਚ ਕੈਂਸਰ ਦੇ ਕੈਸ਼ਲੈੱਸ ਇਲਾਜ ਲਈ 1.5 ਲੱਖ ਰੁਪਏ ਦੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਰਾਜ ਦੇ ਮੈਡੀਕਲ ਕਾਲਜਾਂ ਵਿਚ ਨਸ਼ਾ-ਛੁਡਾਉ ਅਤੇ ਕੈਂਸਰ ਦੇ ਖੇਤਰ ਵਿਚ ਨਵੇਂ ਉੱਚ ਪੱਧਰੀ ਬੁਨਿਆਦੀ ਢਾਂਚੇ ਨੂੰ ਉਸਾਰਿਆ ਜਾ ਰਿਹਾ ਹੈ। ਬਠਿੰਡਾ ਵਿਖੇ 100 ਬਿਸਤਰਿਆਂ ਵਾਲਾ ਆਧੁਨਿਕ ਕੈਂਸਰ ਡਾਇਗਨਾਸਟਿਕ ਐਂਡ ਟ੍ਰੀਟਮੈਂਟ ਸੈਂਟਰ ਅਤੇ ਸੰਗਰੂਰ ਵਿਖੇ ਟਾਟਾ ਮੈਮੋਰੀਅਲ ਸੈਂਟਰ, ਮੁੰਬਈ ਦੇ ਸਹਿਯੋਗ ਨਾਲ 50 ਬਿਸਤਰਿਆਂ ਵਾਲਾ ਸਰਜੀਕਲ ਆਨਕੋਲੋਜੀ ਐਂਡ ਰੇਡੀਓ ਥੈਰੇਪੀ ਸੈਂਟਰ ਕਾਰਜਸ਼ੀਲ ਹੋ ਚੁੱਕੇ ਹਨ। ਕੈਂਸਰ ਬੁਨਿਆਦੀ ਢਾਂਚੇ ਵਿਚ ਹੋਰ ਪ੍ਰਗਤੀ ਲਈ ਸਾਲਾਨਾ ਯੋਜਨਾ 2016-17 ਵਿਚ ਅਜਿਹੇ ਬੁਨਿਆਦੀ ਢਾਂਚੇ ਨੂੰ ਬਿਹਤਰ ਕਰਨ ਲਈ 150 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ।

102. ਰਾਜ ਸਰਕਾਰ ਪ੍ਰਭਾਵਸ਼ਾਲੀ ਤਰੀਕੇ ਨਾਲ ਨਸ਼ਾਖੋਰੀ ਖਤਮ ਕਰਨ ਲਈ ਵਚਨਬੱਧ ਹੈ। ਉੱਚ ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਹਰੇਕ 50 ਬਿਸਤਿਰਆਂ ਵਾਲੇ 5 ਮਾਡਲ ਨਸ਼ਾ-ਛੁਡਾਉ ਕੇਂਦਰ, ਜਲੰਧਰ,ਪਟਿਆਲਾ, ਬਠਿੰਡਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਸਥਾਪਤ ਕੀਤੇ ਗਏ ਹਨ। ਇਹ ਸਾਰੇ 50 ਬਿਸਤਰਿਆਂ ਵਾਲੇ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਨਸ਼ਾ ਛੁਡਾਉ ਕੇਂਦਰ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਰਾਜ ਸਰਕਾਰ ਨੇ 50 ਬਿਸਤਰਿਆਂ ਵਾਲੇ 22 ਕਾਊਂਸਲਿੰਗ ਅਤੇ ਮੁੜ-ਵਸੇਬਾ ਕੇਂਦਰ ਵੀ ਸਥਾਪਤ ਕੀਤੇ ਹਨ।

103. ਸ਼੍ਰੀਮਾਨ ਜੀ, ਮੈਂ ਸਾਲ 2016-17 ਵਿਚ ਮੈਡੀਕਲ ਅਤੇ ਜਨਤਕ ਸਿਹਤ ਤਹਿਤ 3295 ਕਰੋੜ ਰੁਪਏ ਦੇਣ ਦੀ ਤਜਵੀਜ਼ ਰੱਖਦਾ ਹਾਂ। ਸਿਹਤ ਸੈਕਟਰ ਵਿਚ ਕੁਝ ਪ੍ਰਮੁੱਖ ਉਪਬੰਧ ਨਿਮਨ ਅਨੁਸਾਰ ਹਨ:

- 708 ਕਰੋੜ ਰੁਪਏ- ਸਮਾਜ ਨੂੰ ਵਾਰਾਖਾਣਯੋਗ ਅਤੇ ਜਵਾਬਦੇਹ ਸਿਹਤ-ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ।
- 36 ਕਰੋੜ ਰੁਪਏ- ਰਾਜ ਵਿਚ ਸੰਕਟਕਾਲੀਨ ਸੇਵਾਵਾਂ (108-ਐਂਬੂਲੈਂਸ ਸੇਵਾਵਾਂ) ਮੈਡੀਕਲ ਹੈਲਪਲਾਈਨ (104) ਮੁਹੱਈਆ ਕਰਨ ਲਈ।
- 25 ਕਰੋੜ ਰੁਪਏ- ਮੁੱਖ ਮੰਤਰੀ ਕੈਂਸਰ ਰਾਹਤ ਫ਼ੰਡ ਅਧੀਨ ਕੈਂਸਰ ਮਰੀਜਾਂ ਦੇ ਇਲਾਜ ਲਈ।
- 100 ਕਰੋੜ ਰੁਪਏ- ਗਰੀਬ ਲੋਕਾਂ ਦੇ ਮੈਡੀਕਲ ਬੀਮੇ ਲਈ।
- 150 ਕਰੋੜ ਰੁਪਏ- ਕੈਂਸਰ ਅੰਤੇ ਨਸ਼ਾ-ਛੁਡਾਉ ਇਲਾਜ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ।
- 40 ਕਰੋੜ ਰੁਪਏ- ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਦੀ ਸਹਾਇਤਾ ਲਈ।

**ਉਦਯੋਗ**

104. ਰਾਜ ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਜਿਸ ਨਾਲ ਰਾਜ ਦੇ ਛੋਟੇ ਅਤੇ ਦਰਮਿਆਨੇ ਦਰਜੇ ਦੇ ਉਦਯੋਗ ਵਿਚ ਤਰੱਕੀ ਹੋਵੇਗੀ ਅਤੇ ਨੌਜਵਾਨਾਂ ਲਈ ਨੌਕਰੀਆਂ ਪੈਦਾ ਹੋਣਗੀਆਂ। ਇਸ ਮੁਹਿੰਮ ਦੇ ਹਿੱਸੇ ਵਜੋਂ 28-29 ਅਕਤੂਬਰ, 2015 ਨੂੰ ਦੂਸਰੀ ਪ੍ਰੋਗਰੈਸਿਵ ਪੰਜਾਬ ਇਨਵੈਸਟਰ ਸੰਮੇਲਨ ਦਾ ਆਯੋਜਨ ਕੀਤਾ ਗਿਆ ਸੀ। ਜਿਸ ਵਿਚ ਭਾਰਤੀ ਉਦਯੋਗ ਦੇ ਨਾਮਵਰ ਅਤੇ ਬਹੁਤ ਸਾਰੇ ਵਿਦੇਸ਼ੀ ਅਤੇ ਸਥਾਨਕ ਨਿਵੇਸ਼ਕਾਂ ਨੇ ਸ਼ਮੂਲੀਅਤ ਕੀਤੀ। ਰਾਜ ਸਰਕਾਰ ਦੇ ਯਤਨਾਂ ਨੂੰ ਨਾ ਕੇਵਲ ਭਾਗ

ਲੈਣ ਵਾਲਿਆਂ ਵੱਲੋਂ ਸਲਾਹਿਆ ਗਿਆ ਸਗੋਂ ਰਿਲਾਇੰਸ ਗਰੁੱਪ ਅਤੇ ਆਈ ਟੀ ਸੀ ਵਰਗੇ ਵੱਡੇ ਨਿਵੇਸ਼ਕਾਂ ਨੇ ਨਿਵੇਸ਼ਕਾਰਾਂ ਨੂੰ ਇਹ ਰੋਸ਼ਨੀ ਪਾਈ ਕਿ ਉਨ੍ਹਾਂ ਨੇ ਪਹਿਲੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ ਸੀ ਅਤੇ ਵਧੀਕ ਨਿਵੇਸ਼ਾਂ ਬਾਰੇ ਘੋਸ਼ਣਾ ਵੀ ਕੀਤੀ ਸੀ। ਹੁਣ ਤੱਕ ਨਿਵੇਸ਼ ਕਰਨ ਵਾਲਿਆਂ ਵਿਚ ਸ਼ਾਮਲ ਹਨ:- ਲਾਇੰਸ, ਸਨਫਰਮਾ, ਕਨਸਾਈ, ਨੈਰੋਲਕ, ਕਾਰਗਿਲ, ਇੰਡੀਅਨ ਆਇਲ, ਇਨਫੋਸਿਸ, ਅਲਟ੍ਰਾਟੈਕ ਸੀਮੈਂਟ, ਸਰਾਈਬਰ ਡਾਇਨਾਮਿਕਸ, ਅਪੋਲੋ ਹਸਪਤਾਲ, ਅਮੁਲ, ਇੰਟਰਨੈਸ਼ਨਲ ਟ੍ਰੈਕਟਰਜ਼ ਲਿਮਟਿਡ, ਵਰਧਮਾਨ, ਨਾਹਰ, ਪੁੰਜ ਲੋਆਇਡ ਆਦਿ। ਇਹ ਨਿਸ਼ਚਿਤ ਰੂਪ ਵਿਚ ਮੁਕੰਮਲ ਸੂਚੀ ਨਹੀਂ ਹੈ।

105. ਰਾਜ ਵਿਚ ਵਪਾਰ ਕਰਨ ਦੀ ਸੌਖ ਵਿਚ ਵਾਧੇ ਲਈ ਅਸੀਂ ਮਹੱਤਵਪੂਰਨ ਵਿਭਾਗਾਂ ਜਿਨ੍ਹਾਂ ਦਾ ਉਦਯੋਗਾਂ ਨਾਲ ਅਦਾਨ ਪ੍ਰਦਾਨ ਹੈ, ਵਿਚ ਰਾਜ ਪ੍ਰਬੰਧ ਸੁਧਾਰਾਂ ਦਾ ਕਾਰਜ ਆਰੰਭ ਕੀਤਾ ਹੈ ਜਿਵੇਂ ਕਿ ਉਦਯੋਗ, ਬਿਜਲੀ, ਕਿਰਤ ਅਤੇ ਫੈਕਟਰੀਆਂ, ਜੰਗਲਾਤ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ, ਬੁਆਇਲਰਜ਼, ਪ੍ਰਦੂਸ਼ਣ ਬੋਰਡ ਆਦਿ ਵਿਭਾਗ ਤਾਂ ਜੋ ਇੰਸਪੈਕਟਰ ਮੁਕਤ ਪੰਜਾਬ ਯਕੀਨੀ ਬਣਾਇਆ ਜਾ ਸਕੇ। ਅਸੀਂ ਮੌਜੂਦਾ ਉਦਯੋਗ ਨੂੰ ਉਨ੍ਹਾਂ ਦੇ ਵਪਾਰ ਨੂੰ ਚਲਾਉਣ ਲਈ ਇਸ ਨੂੰ ਸਰਲ ਅਤੇ ਆਸਾਨ ਬਣਾਉਣ ਲਈ ਅਜਿਹੇ ਬਹੁਤ ਸਾਰੇ ਵਿਭਾਗਾਂ ਵਿਚ ਪ੍ਰਵਾਣੀਕਰਨ ਜਾਂ ਤੀਜੀ ਧਿਰ ਪ੍ਰਵਾਣੀਕਰਨ ਦਾ ਕੰਮ ਸ਼ੁਰੂ ਕੀਤਾ ਹੈ।

106. ਬਨੂੜ (ਜ਼ਿਲ੍ਹਾ ਐਸ.ਏ.ਐਸ ਨਗਰ) ਵਿਖੇ 8 ਏਕੜ ਭੂਮੀ ਤੇ 150 ਕਰੋੜ ਰੁਪਏ ਦੀ ਲਾਗਤ ਨਾਲ ਚਮੜਾ ਉਦਯੋਗ ਵਿਚ ਨੌਜਵਾਨਾਂ ਨੂੰ ਸਿਖਲਾਈ ਅਤੇ ਹੁਨਰ ਦੇਣ ਲਈ, ਫੁੱਟਵੀਅਰ ਡਿਜ਼ਾਈਨ ਅਤੇ ਡਿਵੈਲਪਮੈਂਟ ਇੰਸਟੀਚਿਊਟ (ਐਫ.ਡੀ.ਡੀ.ਆਈ) ਸਥਾਪਤ ਕੀਤਾ ਜਾ ਰਿਹਾ ਹੈ। 60 ਫ਼ੀਸਦ ਤਕ ਸਿਵਲ ਕਾਰਜਾਂ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ। ਸਾਲ 2016-17 ਦੇ ਸੈਸ਼ਨ ਤੋਂ ਅਕਾਦਮਿਕ ਕਲਾਸਾਂ ਸ਼ੁਰੂ ਹੋ ਜਾਣਗੀਆਂ।

107. ਉਦਯੋਗ ਲਈ 223 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਹੈ।

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸਾਲ 2016-17 ਲਈ ਕੁਝ ਯੋਜਨਾ ਉਪਬੰਧ ਹੇਠ ਅਨੁਸਾਰ ਹੈ:

- 100 ਕਰੋੜ ਰੁਪਏ- ਸਟਾਰਟ ਅਪਸ ਨੂੰ ਵਿੱਤੀ ਸਹਾਇਤਾ।
- 10 ਕਰੋੜ ਰੁਪਏ- ਕੰਮਕਾਜੀ ਮਹਿਲਾ ਹੋਸਟਲਾਂ ਦੀ ਉਸਾਰੀ।
- 3 ਕਰੋੜ ਰੁਪਏ- ਜਲੰਧਰ ਵਿਖੇ ਫੈਸ਼ਨ ਤਕਨਾਲੋਜੀ ਦਾ ਉੱਤਰੀ ਭਾਰਤ ਇੰਸਟੀਚਿਊਟ।

**ਬਿਜਲੀ**

108. ਪੰਜਾਬ ਸਰਕਾਰ ਨੇ ਡਿਸਕੋਮ (ਡੀ.ਆਈ.ਐੱਸ.ਸੀ.ਓ.ਐੱਮ.) ਦਾ ਵਿੱਤੀ ਸੁਧਾਰ ਲਿਆਉਣ ਲਈ ਉਜਵਲ ਡਿਸਕੋਮ ਐਸ਼ੋਰੈਂਸ ਯੋਜਨਾ ਤਹਿਤ ਭਾਰਤ ਸਰਕਾਰ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਨਾਲ ਤ੍ਰੈ-ਪੱਖੀ ਸਮਝੌਤਾ ਕੀਤਾ। ਇਸ ਸਕੀਮ ਤਹਿਤ ਰਾਜ ਸਰਕਾਰ ਥੋੜ੍ਹੇ ਸਮੇਂ ਦੇ ਕਰਜ਼ੇ ਦਾ 75 ਫ਼ੀਸਦ ਅਰਥਾਤ 15,632 ਕਰੋੜ ਰੁਪਏ ਸੰਭਾਲੇਗੀ, ਜਦੋਂ ਕਿ ਥੋੜ੍ਹੇ ਸਮੇਂ ਦੇ ਕਰਜ਼ੇ ਦਾ ਬਾਕੀ 25 ਫ਼ੀਸਦ ਵਿੱਤੀ ਸੰਸਥਾਵਾਂ ਵੱਲੋਂ ਮਿਆਦੀ ਕਰਜ਼ਿਆਂ ਵਿਚ ਤਬਦੀਲ ਕੀਤਾ ਜਾਵੇਗਾ। ਭਾਰਤ ਸਰਕਾਰ ਬਿਜਲੀ ਪਲਾਂਟਾਂ ਦੀ ਸੁਖਾਵੀਂ ਕਾਰਜਸ਼ੀਲਤਾ ਲਈ ਕੋਲਾ ਉਪਲਬਧਤਾ ਨੂੰ ਯਕੀਨੀ ਬਣਾਵੇਗੀ। ਇਸ ਦੇ ਨਾਲ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀਆਂ ਭਵਿੱਖੀ ਵਿਆਜ ਲਾਗਤਾਂ ਵਿਚ ਕਮੀ ਆਵੇਗੀ ਅਤੇ ਇਹ ਖਪਤਕਾਰਾਂ ਨੂੰ ਬਿਜਲੀ ਮਹਿਸੂਲਾਂ ਵਿਚ ਵਿਆਜ ਲਾਗਤਾਂ ਦੇ ਬੋਝ ਤੋਂ ਬਚਾਏ ਗੀ। 4 ਸਾਲਾਂ ਤੋਂ ਬਾਅਦ 3,900 ਕਰੋੜ ਰੁਪਏ ਸਹਾਇਤਾ ਇਕਵਿਟੀ ਵਿਚ ਅਤੇ ਬਾਕੀ ਦੀ ਗ੍ਰਾਂਟ-ਇਨ-ਏਡ ਵਿਚ ਤਬਦੀਲ ਕੀਤੀ ਜਾਵੇਗੀ।

109. ਸਾਲ 2016-17 ਲਈ 4,355 ਕਰੋੜ ਰੁਪਏ ਦੀ ਰਾਖਵੀਂ ਰਾਸ਼ੀ ਨਾਲ ਬਿਜਲੀ ਸੈਕਟਰ ਵਿਚ ਮੁੱਖ ਉਪਬੰਧ ਹੇਠ ਅਨੁਸਾਰ ਹੈ:-

- 1066 ਕਰੋੜ ਰੁਪਏ - ਸੰਚਾਰ ਲਈ।
- 478 ਕਰੋੜ ਰੁਪਏ - ਉਤਪਾਦਨ ਲਈ।
- 2156 ਕਰੋੜ ਰੁਪਏ - ਵੰਡ ਲਈ, ਜਿਸ ਵਿਚ ਪੁਨਰਗਠਿਤ ਗਤੀਸ਼ੀਲ ਬਿਜਲੀ ਵਿਕਾਸ ਅਤੇ ਸੁਧਾਰ ਪ੍ਰੋਗਰਾਮ ਲਈ 860 ਕਰੋੜ ਰੁਪਏ ਸ਼ਾਮਲ ਹਨ।

- 102 ਕਰੋੜ ਰੁਪਏ – ਬਾਕੀ ਰਹਿੰਦੀਆਂ ਢਾਣੀਆਂ ਨੂੰ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ।

## ਨਵਿਆਉਣਯੋਗ ਊਰਜਾ

110. ਪੰਜਾਬ ਨੂੰ ਰੀ-ਇਨਵੈਸਟ, 2015 ਦੌਰਾਨ ਮਾਣਯੋਗ ਪ੍ਰਧਾਨ ਮੰਤਰੀ ਵਲੋਂ ਸੂਰਜੀ ਊਰਜਾ ਦੀ ਸਮਰਥਾ ਵਾਧੇ ਲਈ ਸਰਵੋਤਮ ਕਾਰਗੁਜ਼ਾਰੀ ਰਾਜਾਂ ਵਿਚੋਂ ਇਕ ਹੋਣ ਲਈ ਐਵਾਰਡ ਦਿੱਤਾ ਗਿਆ ਹੈ ਅਤੇ ਇਸ ਨੇ ਭਾਰਤ ਦੀ ਨਵਿਆਉਣਯੋਗ ਊਰਜਾ ਵਿਕਾਸ ਐਸੋਸੀਏਸ਼ਨ ਵਲੋਂ ਸ੍ਰੇਸ਼ਠ ਸੋਰਯ ਊਰਜਾ ਰਾਜਯ ਪੁਰਸਕਾਰ 2015 ਵੀ ਪ੍ਰਾਪਤ ਕੀਤਾ। ਸਾਲ 2014-15 ਦੌਰਾਨ ਰਾਜ ਦੀਆਂ ਨਵਿਆਉਣਯੋਗ ਏਜੰਸੀਆਂ ਦੀ ਐਸੋਸੀਏਸ਼ਨ ਦੀ ਕਾਨਫਰੰਸ ਦੌਰਾਨ ਰਾਜ ਨੂੰ ਸਭ ਤੋਂ ਵੱਧ ਗਰਿੱਡ ਕੁਨੈਕਟਿਡ ਸੋਲਰ ਰੂਫਟਾਪ ਪਾਵਰ ਸਮਰਥਾ ਵਾਧੇ ਲਈ, ਦੂਜੇ ਸਭ ਤੋਂ ਵੱਧ ਆਫ ਗਰਿਡ ਵੇਸਟ ਤੋਂ ਊਰਜਾ ਪਲਾਂਟਾਂ ਦੀ ਸਮਰੱਥਾ ਵਾਧੇ ਲਈ ਅਤੇ ਦੇਸ਼ ਵਿਚ ਤੀਜੇ ਸਭ ਤੋਂ ਵੱਧ ਗਰਿੱਡ ਕੁਨੈਕਟਿਡ ਸੋਲਰ ਪਾਵਰ ਸਮਰਥਾ ਵਾਧੇ ਲਈ ਨਵਿਆਉਣਯੋਗ ਊਰਜਾ ਮੰਤਰਾਲਾ, ਭਾਰਤ ਸਰਕਾਰ ਵਲੋਂ ਵਧੀਆ ਕਾਰਗੁਜ਼ਾਰੀ ਲਈ ਐਵਾਰਡ ਦਿੱਤਾ ਗਿਆ। ਪੰਜਾਬ ਨੂੰ ਨੌਵੀਂ ਇਨਅਰਸ਼ੀਆ ਐਵਾਰਡ 2010 ਵਿਖੇ ਊਰਜਾ ਅਤੇ ਬਿਜਲੀ ਵਿਚ ਇਨਫਰਾ ਅਤਿ ਉੱਤਮ ਰਾਜ ਅਤੇ ਸਭ ਤੋਂ ਵੱਧ ਨਿਵੇਸ਼ ਲਈ ਵੀ ਐਵਾਰਡ ਦਿੱਤਾ ਗਿਆ ਹੈ। ਸਾਲਾਨਾ ਯੋਜਨਾ 2016-17 ਲਈ 11 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ।

## ਸੜਕਾਂ ਅਤੇ ਪੁਲ

111. ਸ਼੍ਰੀਮਾਨ ਜੀ, ਇਹ ਮਾਣ ਦੀ ਗੱਲ ਹੈ ਕਿ ਸੀਮਤ ਸਾਧਨਾਂ ਦੇ ਬਾਵਜੂਦ ਸਾਡੀ ਸਰਕਾਰ ਨੇ 64,033 ਕਿਲੋਮੀਟਰ ਸੜਕ ਲੰਬਾਈ ਵਾਲਾ ਵਿਸ਼ਾਲ ਸੜਕ ਨੈੱਟਵਰਕ ਵਿਕਸਤ ਕੀਤਾ ਹੈ ਅਤੇ ਦੇਸ਼ ਵਿਚ ਦੂਜਾ ਦਰਜਾ ਹਾਸਲ ਕੀਤਾ ਹੈ। ਸਾਡੀ ਸਰਕਾਰ ਨੇ ਰਾਜ ਵਿਚ ਸੜਕ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉੱਚ ਤਰਜੀਹ ਦਿੱਤੀ ਹੈ।

ਇਸ ਕਾਰਜ ਲਈ 1,109 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਕੌਮੀ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸ਼ਾਹ ਮਾਰਗਾਂ ਦੇ ਚਹੁੰ ਮਾਰਗੀ ਅਤੇ ਛੇ ਮਾਰਗੀ ਕਰਨ ਲਈ 10,000 ਕਰੋੜ ਰੁਪਏ ਮੁਹੱਈਆ ਕੀਤੇ ਗਏ ਹਨ।

112. ਸਾਲ 2016-17 ਲਈ ਪ੍ਰਮੁੱਖ ਸਕੀਮਾਂ ਅਨੁਸਾਰ ਉਪਬੰਧ:

- 350 ਕਰੋੜ ਰੁਪਏ - ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਲਈ।
- 300 ਕਰੋੜ ਰੁਪਏ - ਪੇਂਡੂ ਸੜਕਾਂ ਦੇ ਮਜ਼ਬੂਤੀਕਰਨ ਲਈ।
- 230 ਕਰੋੜ ਰੁਪਏ- ਸੜਕਾਂ ਨੂੰ ਚੌੜਾ ਕਰਨ ਅਤੇ ਪੁਲਾਂ ਦੀ ਉਸਾਰੀ ਲਈ ਨਾਬਾਰਡ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਲਈ।
- 100 ਕਰੋੜ ਰੁਪਏ - 150 ਕਿਲੋਮੀਟਰ ਸੜਕਾਂ ਦੇ ਮਜ਼ਬੂਤੀਕਰਨ ਲਈ ਪੰਜਾਬ ਰਾਜ ਸੜਕ ਪ੍ਰਾਜੈਕਟ ਲਈ।
- 70 ਕਰੋੜ ਰੁਪਏ - ਮੌਜੂਦਾ ਸੜਕ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਸੈਂਟਰ ਰੋਡ ਫੰਡ।
- 31.30 ਕਰੋੜ ਰੁਪਏ - ਯੋਜਨਾ ਸੜਕਾਂ ਦੀ ਵਿਸ਼ੇਸ਼ ਮੁਰੰਮਤ ਲਈ।
- 42 ਕਰੋੜ ਰੁਪਏ - ਉੱਚ ਪੱਧਰੀ ਪੁਲਾਂ ਲਈ।
- 24 ਕਰੋੜ ਰੁਪਏ- ਸੜਕਾਂ ਉਪਰਲੇ ਅਤੇ ਹੇਠਲੇ ਪੁਲਾਂ ਲਈ।

**ਆਵਾਜਾਈ**

113. ਸ੍ਰੀਮਾਨ ਜੀ, ਸਾਡੀ ਸਰਕਾਰ 300 ਨਵੀਆਂ ਸਾਧਾਰਣ ਬੱਸਾਂ ਅਤੇ 24 ਵੋਲਵੋ ਬੱਸਾਂ ਦੀ ਸ਼ਮੂਲੀਅਤ ਰਾਹੀਂ ਆਵਾਜਾਈ ਪ੍ਰਣਾਲੀ ਦੇ ਮਜ਼ਬੂਤੀਕਰਨ ਅਤੇ ਆਧੁਨਿਕੀਕਰਣ ਰਾਹੀਂ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਅੰਮ੍ਰਿਤਸਰ ਵਿਖੇ ਬੱਸ ਰੈਪਿਡ ਟ੍ਰਾਂਜ਼ਿਟ ਸਿਸਟਮ ਸਥਾਪਤ ਕੀਤਾ ਜਾ ਰਿਹਾ ਹੈ। ਤੁਰੰਤ ਅਤੇ ਛੇਤੀ ਯਾਤਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਅਤੇ ਵਿੱਤੀ ਤੇ ਪ੍ਰਸ਼ਾਸਕੀ ਪ੍ਰਬੰਧ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਸਾਡੀ ਸਰਕਾਰ 2 ਕਰੋੜ ਰੁਪਏ

ਦੀ ਲਾਗਤ ਨਾਲ ਪੰਜਾਬ ਰੋਡਵੇਜ਼/ਪਨਬਸ ਦੇ ਸਾਰੇ ਡਿਪੂਆਂ ਦਾ ਕੰਪਿਊਟਰੀਕਰਨ ਕਰ ਰਹੀ ਹੈ।

114. ਰਾਜ ਸਰਕਾਰ ਨੇ ਮਿਊਂਸਿਪਲ ਸੀਮਾ ਤੋਂ 10 ਕਿਲੋਮੀਟਰ ਬਾਹਰ ਪੇਂਡੂ ਖੇਤਰਾਂ ਨੂੰ ਕਵਰ ਕਰਨ ਲਈ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਦੀਆਂ ਨਗਰ ਨਿਗਮਾਂ ਦੀਆਂ ਹੱਦਾਂ ਵਿਚ ਚੱਲ ਰਹੀ ਮੌਜੂਦਾ ਸਿਟੀ ਬੱਸ ਸੇਵਾ ਦਾ ਵਿਸਥਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

115. ਡਰਾਈਵਿੰਗ ਲਾਇਸੰਸ ਜਾਰੀ ਕਰਨ ਤੋਂ ਪਹਿਲਾਂ ਗੁਣਵੱਤਾ ਵਾਲੀ ਡਰਾਈਵਿੰਗ ਸਿਖਲਾਈ ਮੁਹੱਈਆ ਕਰਵਾਉਣ ਦੇ ਨਜ਼ਰੀਏ ਨਾਲ 38.44 ਕਰੋੜ ਰੁਪਏ ਦੀ ਲਾਗਤ ਨਾਲ 32 ਸਥਾਨਾਂ ਤੇ ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕ ਸਥਾਪਤ ਕੀਤੇ ਗਏ ਹਨ ਜੋ ਕਿ ਜਲਦੀ ਹੀ ਕਾਰਜਸ਼ੀਲ ਹੋ ਜਾਣਗੇ। ਭਾਰੀ ਵਾਹਨਾਂ ਲਈ ਡਰਾਈਵਿੰਗ ਲਾਇਸੰਸ ਜਾਰੀ ਕਰਨ ਲਈ 32 ਕਰੋੜ ਰੁਪਏ ਦੀ ਲਾਗਤ ਨਾਲ ਮਲੇਰਕੋਟਲਾ, ਗੁਰਦਾਸਪੁਰ ਅਤੇ ਕਪੂਰਥਲਾ ਵਿਖੇ ਵੀ ਅਜਿਹੇ ਟਰੈਕ ਸਥਾਪਤ ਕੀਤੇ ਜਾ ਰਹੇ ਹਨ। ਫਰੀਦਕੋਟ, ਰਾਮਾ ਮੰਡੀ ਅਤੇ ਸੰਗਰੂਰ ਵਿਖੇ 14.50 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬੱਸ ਅੱਡਿਆਂ ਦਾ ਕੰਮ 2016-17 ਵਿਚ ਮੁਕੰਮਲ ਕਰ ਲਿਆ ਜਾਵੇਗਾ। ਸਾਲ 2016-17 ਵਿਚ 225 ਨਵੀਆਂ ਬੱਸਾਂ ਸ਼ੁਰੂ ਕਰਨ ਲਈ ਟ੍ਰਾਂਸਪੋਰਟ ਸੈਕਟਰ ਲਈ 50 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ।

**ਸ਼ਹਿਰੀ ਹਵਾਬਾਜ਼ੀ**

116. ਸ੍ਰੀਮਾਨ ਜੀ, ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਸਮੁੱਚੇ ਦੇਸ਼ ਵਿਚ ਪੰਜਾਬ ਦੀ ਹਵਾਈ ਅੱਡਾ ਘਣਤਾ ਸਭ ਤੋਂ ਵਧੇਰੇ ਹੈ। ਚੰਡੀਗੜ੍ਹ ਵਿਖੇ ਅੰਤਰਰਾਸ਼ਟਰੀ ਹਵਾਈ ਅੱਡਾ ਸਤੰਬਰ 2015 ਨੂੰ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਜੀ ਵਲੋਂ ਸ਼ੁਰੂ ਕੀਤਾ ਗਿਆ ਹੈ। ਇਸ ਹਵਾਈ ਅੱਡੇ ਤੋਂ ਬਹੁਤ ਹੀ ਜਲਦ ਅੰਤਰ ਰਾਸ਼ਟਰੀ ਹਵਾਈ ਉਡਾਣਾਂ ਸ਼ੁਰੂ ਹੋ ਜਾਣ ਦੀ ਸੰਭਾਵਨਾ ਹੈ। ਬਠਿੰਡਾ ਨੇੜੇ ਸਿਵਲ ਇਨਕਲੇਵ, ਏਅਰ ਫੋਰਸ ਸਟੇਸ਼ਨ, ਭੀਸੀਆਣਾ ਮੁਕੰਮਲ ਹੋ ਚੁੱਕਾ ਹੈ ਅਤੇ ਜਲਦੀ ਹੀ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਘਰੇਲੂ ਉਡਾਣਾਂ ਸ਼ੁਰੂ ਹੋ ਜਾਣਗੀਆਂ। ਸਾਹਨੇਵਾਲ ਹਵਾਈ ਅੱਡੇ ਨੂੰ ਘਰੇਲੂ ਉਡਾਣਾਂ ਦੇ ਸੰਚਾਲਨ ਲਈ ਮੁਕੰਮਲ ਹਵਾਈ ਅੱਡੇ ਦੇ ਰੂਪ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਸਾਲ 2016-17 ਲਈ 17 ਕਰੋੜ ਰੁਪਏ ਦਾ ਖ਼ਰਚ ਮੁਹੱਈਆ ਕਰਵਾਉਣ ਦੀ ਤਜਵੀਜ਼ ਹੈ।

**ਕਲਾ ਅਤੇ ਸਭਿਆਚਾਰ**

117. ਰਾਜ ਸਰਕਾਰ ਪੰਜਾਬ ਦੇ ਅਮੀਰ ਵਿਰਸੇ ਦੀ ਸੁਰੱਖਿਆ, ਸੰਭਾਲ ਅਤੇ ਇਸ ਦੇ ਅਮੀਰ ਸਭਿਆਚਾਰਕ ਵਿਰਸੇ ਦੀ ਪੁਨਰ-ਸੁਰਜੀਤੀ ਲਈ ਵਚਨਬੱਧ ਹੈ। ਸਾਡੀ ਸਰਕਾਰ ਨੇ ਯਾਦਗਾਰਾਂ ਦੀ ਸਥਾਪਤੀ ਲਈ ਪਹਿਲਕਦਮੀ ਕੀਤੀ ਹੈ ਜਿਵੇਂ ਕਿ ਅੰਮ੍ਰਿਤਸਰ ਵਿਖੇ ਜੰਗੀ ਯਾਦਗਾਰ ਅਤੇ ਅਜਾਇਬ ਘਰ, ਜਲੰਧਰ, ਕਰਤਾਰਪੁਰ ਵਿਖੇ ਜੰਗ-ਏ-ਅਜ਼ਾਦੀ ਯਾਦਗਾਰ ਅਤੇ ਅੰਮ੍ਰਿਤਸਰ ਵਿਖੇ ਭਗਵਾਨ ਵਾਲਮੀਕ ਜੀ ਦੀ ਯਾਦਗਾਰ ਦਾ ਨਿਰਮਾਣ ਕੀਤਾ ਹੈ। ਸਰਕਾਰ ਨੇ ਇਨ੍ਹਾਂ ਯਾਦਗਾਰਾਂ ਦੀ ਸਥਾਪਤੀ ਲਈ 558 ਕਰੋੜ ਰੁਪਏ ਖ਼ਰਚੇ ਹਨ ।

118. ਸ੍ਰੀ ਦਰਬਾਰ ਸਾਹਿਬ,ਅੰਮ੍ਰਿਤਸਰ ਵਿਖੇ ਸ਼ਰਧਾਲੂਆਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਲਈ ਐਂਟਰੈਂਸ ਪਲਾਜ਼ਾ ਉਸਾਰੀ ਅਧੀਨ ਹੈ। ਇਸ ਦਾ ਪਹਿਲਾ ਪੜਾਅ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ ਹੈ ਅਤੇ ਦੂਸਰਾ ਪੜਾਅ ਸਾਲ 2016-17 ਵਿਚ ਮੁਕੰਮਲ ਹੋ ਜਾਵੇਗਾ। ਦੂਸਰੇ ਪੜਾਅ ਉਪਰ 86 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਸੂਚਨਾ ਕੇਂਦਰ ਸਥਾਪਤ ਕਰਨ ਲਈ ਕਾਰਜ ਚੱਲ ਰਿਹਾ ਹੈ।

119. ਮੈਂ ਸਾਲ 2016-17 ਲਈ 167 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਕਰਦਾ ਹਾਂ।

**ਸੈਰ-ਸਪਾਟਾ**

120. ਸਾਡੀ ਸਰਕਾਰ ਰਾਜ ਵਿਚ 23 ਕਰੋੜ ਰੁਪਏ ਦੀ ਲਾਗਤ ਨਾਲ ਮੱਹਤਵਪੂਰਨ ਸਥਾਨਾਂ ਤੇ ਆਕਰਸ਼ਿਤ ਬੁਨਿਆਦੀ ਢਾਂਚਾ ਵਿਕਸਤ ਕਰਨ ਵਿਚ ਸਫਲ ਰਹੀ ਹੈ ਜਿਸ ਵਿਚ ਟੂਰਿਸਟ ਸਵਾਗਤੀ ਕੇਂਦਰ, ਯਾਤਰੀ.ਸਰਕਟ ਅਤੇ ਸੈਰ-ਸਪਾਟਾ ਕੇਂਦਰ ਸ਼ਾਮਲ ਹਨ।

48 ਕਰੋੜ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ-ਡੇਰਾ ਬਾਬਾ ਨਾਨਕ-ਸੁਲਤਾਨਪੁਰ ਲੋਧੀ ਮੈਗਾ ਸਰਕਟ ਸਥਾਪਿਤ ਕੀਤਾ ਜਾ ਰਿਹਾ ਹੈ।

121. ਪੰਜਾਬ ਵਿਰਾਸਤ ਸੈਰ-ਸਪਾਟਾ ਵਿਕਾਸ ਬੋਰਡ ਜੋ ਕਿ ਇਕ ਨੋਡਲ ਏਜੰਸੀ ਹੈ, ਨੂੰ ਏਸ਼ੀਅਨ ਵਿਕਾਸ ਬੈਂਕ ਵਲੋਂ 398 ਕਰੋੜ ਰੁਪਏ ਦੀ ਸਹਾਇਤਾ ਨਾਲ ਰਾਜ ਵਿਚ ਸੈਰ-ਸਪਾਟਾ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਬੁਨਿਆਦੀ ਢਾਂਚਾ ਵਿਕਾਸ ਨਿਵੇਸ਼ ਪ੍ਰੋਗ੍ਰਾਮ ਅਧੀਨ ਟਾਊਨ ਹਾਲ ਦੀ ਸਾਂਭ-ਸੰਭਾਲ, ਅੰਮ੍ਰਿਤਸਰ ਨਗਰ ਨਿਗਮ ਦੀ ਨਵੀਂ ਇਮਾਰਤ ਦੀ ਉਸਾਰੀ ਲਈ, ਗੁਰਦਾਸਪੁਰ ਜ਼ਿਲ੍ਹੇ ਵਿਚ ਛੋਟੇ ਘੱਲੂਘਾਰਾ ਨੂੰ ਸਿਰੇ ਤੱਕ ਜੋੜਨ ਲਈ ਅਤੇ ਕੇਸ਼ੋਪੁਰ ਵਿਖੇ ਕਮਿਊਨਿਟੀ ਆਧਾਰਤ ਈਕੋ-ਟੂਰਿਜ਼ਮ ਦੀ ਸਥਾਪਤੀ ਲਈ 90 ਕਰੋੜ ਰੁਪਏ ਦੀ ਰਕਮ ਖ਼ਰਚੀ ਗਈ ਹੈ।

122. ਹੋਰ ਦੂਸਰੇ ਟੂਰਿਸਟ ਬੁਨਿਆਦੀ ਢਾਂਚਾ ਵਿਕਾਸ ਨਾਲ ਸਬੰਧਤ ਸ਼ੁਰੂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਵਿਚ ਫਤਹਿਗੜ੍ਹ ਸਾਹਿਬ ਵਿਚ ਆਮ-ਖ਼ਾਸ ਬਾਗ, ਪਟਿਆਲਾ ਵਿਚ ਕਿਲ੍ਹਾ ਮੁਬਾਰਕ, ਟਾਊਨ ਹਾਲ, ਅੰਮ੍ਰਿਤਸਰ, ਦਰਬਾਰ ਹਾਲ, ਕਪੂਰਥਲਾ, ਫਤਹਿਗੜ੍ਹ ਸਾਹਿਬ ਵਿਚ ਰੋਜ਼ਾ ਸ਼ਰੀਫ ਅਤੇ ਗੁੰਬਦ ਅਤੇ ਰਾਮਬਾਗ ਪੈਲੇਸ ਸ਼ਾਮਲ ਹਨ। ਰੋਪੜ ਵਿਖੇ ਈਕੋ-ਟੂਰਿਜ਼ਮ ਦੇ ਵਿਕਾਸ ਤੋਂ ਇਲਾਵਾ ਹਰੀਕੇ ਵੈੱਟਲੈਂਡਜ਼ ਦੀ ਤੱਰਕੀ ਵੀ ਕੀਤੀ ਜਾਵੇਗੀ। ਸਾਡੇ ਬੁਨਿਆਦੀ ਢਾਂਚਾ ਵਿਕਾਸ ਨੂੰ ਹੋਰ ਅੱਗੇ ਜਾਰੀ ਰੱਖਣ ਲਈ ਸਾਲ 2016-17 ਵਿਚ 102 ਕਰੋੜ ਰੁਪਏ ਸਾਲਾਨਾ ਖ਼ਰਚ ਕਰਨ ਦੀ ਤਜਵੀਜ਼ ਹੈ।

**ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ**

123. ਵਾਤਾਵਰਣ ਸੁਧਾਰ, ਕੁਦਰਤੀ ਸ੍ਰੋਤਾਂ ਦੀ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਰਾਜ ਕਾਊਂਸਿਲ ਫਾਰ ਸਾਇੰਸ ਤਕਨਾਲੋਜੀ ਇਕ ਨੋਡਲ ਏਜੰਸੀ ਹੈ। 18.24 ਕਰੋੜ ਰੁਪਏ ਦੀ ਲਾਗਤ ਨਾਲ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲੇ ਦੁਆਰਾ "ਟੂਵਾਰਡਜ ਕਲਾਈਮੇਟ ਰੈਜ਼ੀਲੈਂਟ ਲਾਈਵ ਸਟਾਕ ਪ੍ਰੋਡਕਸ਼ਨ ਸਿਸਟਮ ਇਨ ਪੰਜਾਬ" ਦੁਆਰਾ ਵਾਤਾਵਰਣ ਤਬਦੀਲੀ ਸਬੰਧੀ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਇਕ ਵਿਸਤ੍ਰਿਤ ਪ੍ਰਾਜੈਕਟ ਰਿਪੋਰਟ ਪ੍ਰਵਾਨ ਕੀਤੀ ਗਈ ਹੈ। ਪੁਸ਼ਪਾ ਗੁਜਰਾਲ ਸਾਇੰਸ ਸਿਟੀ ਨੇ ਪੇਂਡੂ ਵਸੋਂ ਦੀਆਂ ਦਹਿਲੀਜ਼ਾਂ ਤੇ ਵਿਗਿਆਨ ਲੈ ਕੇ ਜਾਣ ਲਈ "ਮੋਬਾਈਲ ਸਾਇੰਸ ਪ੍ਰਦਰਸ਼ਨੀ ਬੱਸ" ਸ਼ੁਰੂ ਕੀਤੀ ਹੈ। ਹੁਣ ਤੱਕ ਮੋਬਾਈਲ ਸਾਇੰਸ ਪ੍ਰਦਰਸ਼ਨੀ ਬੱਸ ਨੇ 10 ਜ਼ਿਲ੍ਹਿਆਂ ਦੇ 76 ਬਲਾਕਾਂ ਵਿਚ 94,752 ਲੋਕਾਂ ਤੱਕ ਪਹੁੰਚ ਕਰ ਲਈ ਹੈ।

124. ਖੇਤਾਂ ਵਿਚ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਪਰਾਲੀ ਦੀ ਵਰਤੋਂ ਇਕ ਮੁੱਖ ਮੁੱਦੇ ਵਜੋਂ ਸ਼ਨਾਖਤ ਕੀਤੀ ਗਈ ਹੈ। 18.30 ਕਰੋੜ ਰੁਪਏ ਦੀ ਲਾਗਤ ਨਾਲ ਬਾਇਓਟੈਕਨਾਲੋਜੀ ਇੰਡਸਟਰੀ ਰਿਸਰਚ ਅਸਿਸਟੈਂਸ ਕਾਊਂਸਿਲ ਦੁਆਰਾ ਹੁਸ਼ਿਆਰਪੁਰ ਵਿਖੇ ਪਰਾਲੀ ਇਥੇਨੌਲ ਉਤਪਾਦਨ ਦਾ ਇਕ ਪਾਇਲਟ ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਹੈ। ਮੰਡੀ ਗੋਬਿੰਦਗੜ੍ਹ ਵਿਖੇ 60 ਰੀਰੋਲਿੰਗ ਮਿੱਲਾਂ ਵਿਚ 156 ਐਨਰਜੀ ਐਫੀਸ਼ੈਂਟ ਤਕਨਾਲੋਜੀ ਨੂੰ ਸ਼ੁਰੂ ਕੀਤਾ ਗਿਆ ਹੈ। ਸਾਲਾਨਾ ਯੋਜਨਾ 2016-17 ਵਿਚ ਫੌਸਿਲ ਫਿਊਲ ਦੇ ਬਦਲ ਵਜੋਂ ਪਰਾਲੀ ਦੀ ਲਾਹੇਵੰਦ ਵਰਤੋਂ ਸਬੰਧੀ ਇਕ ਨਵੀਂ ਰਾਜ ਯੋਜਨਾ ਸਕੀਮ ਸ਼ਾਮਲ ਕੀਤੀ ਗਈ ਹੈ।

125. ਖੇਤੀਬਾੜੀ, ਖੁਰਾਕ, ਵਾਤਾਵਰਣ ਅਤੇ ਸਬੰਧਤ ਖੇਤਰਾਂ ਵਿਚ ਪੰਜਾਬ ਬਾਇਓ ਤਕਨਾਲੋਜੀ ਇਨਕਿਊਬੇਟਰ ਕੁਆਲਿਟੀ ਟੈਸਟਿੰਗ ਅਤੇ ਕੰਟਰੈਕਟ ਖੋਜ ਸੇਵਾਵਾਂ ਦੁਆਰਾ ਵਪਾਰਕ ਤੌਰ ਤੇ ਢਾਰਾ ਖਾਣਯੋਗ ਤਕਨਾਲੋਜੀ ਵਿਚ ਖੋਜ ਕਾਰਜ ਲਈ ਇਨਕਿਊਬੇਸ਼ਨ ਸੇਵਾਵਾਂ ਮੁਹੱਈਆ ਕਰਵਾ ਰਿਹਾ ਹੈ। ਭਾਰਤ ਸਰਕਾਰ ਦੀ ਏ.ਐੱਸ.ਆਈ.ਡੀ ਈ ਸਕੀਮ ਅਧੀਨ 13 ਕਰੋੜ ਰੁਪਏ ਦੀ ਕੁਲ ਫੰਡਿੰਗ ਨਾਲ ਪੰਜਾਬ ਬਾਇਓ ਤਕਨਾਲੋਜੀ ਇਨਕਿਊਬੇਟਰ ਨੇ ਬਾਸਮਤੀ ਪ੍ਰਮਾਣੀਕਰਣ ਅਤੇ ਸ਼ਹਿਦ ਵਿਚ ਵਿਦੇਸ਼ੀ ਚੀਨੀ ਮਿਲਾਉਣ ਸਬੰਧੀ ਉਚਿਤ ਪਰਖ ਲਈ ਸੁਵਿਧਾਵਾਂ ਸ਼ੁਰੂ ਕਰ ਦਿੱਤੀਆਂ ਹਨ। ਆਉਣ ਵਾਲੇ 2 ਸਾਲਾਂ ਵਿਚ ਗਿਆਨ ਸਿਟੀ ਮੁਹਾਲੀ ਵਿਖੇ 37 ਕਰੋੜ ਰੁਪਏ ਦੀ ਲਾਗਤ ਨਾਲ ਲੈਬਾਰਟਰੀ ਇਮਾਰਤ ਬਣਾਈ ਜਾਵੇਗੀ।

126. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਈ- ਪੇਮੈਂਟ ਸੁਵਿਧਾ ਨਾਲ ਆਨਲਾਈਨ ਸਹਿਮਤੀ ਪ੍ਰਬੰਧ ਅਤੇ ਮੋਨਿਟਰਿੰਗ ਸਿਸਟਮ ਸ਼ੁਰੂ ਕੀਤਾ ਹੈ। ਪੰਜਾਬ ਅਜਿਹਾ ਪਹਿਲਾ ਸੂਬਾ ਹੈ ਜਿਸ ਨੇ ਖੇਤੀਬਾੜੀ ਕਬਾੜ ਦੇ ਜਲਾਉਣ ਨਾਲ ਆਲੇ-ਦੁਆਲੇ ਦੀ ਹਵਾ ਦੀ ਸ਼ੁੱਧਤਾ ਤੇ ਪੈਣ ਵਾਲੇ ਪ੍ਰਭਾਵਾਂ ਦੇ ਨਿੰਯਤ੍ਰਣ ਲਈ ਰਾਜ ਦੇ ਪੇਂਡੂ ਖੇਤਰਾਂ ਵਿਚ ਚਾਰ ਸਟੇਸ਼ਨ ਸਥਾਪਤ ਕੀਤੇ ਹਨ। ਆਲੇ-ਦੁਆਲੇ ਦੀ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਮੰਡੀ ਗੋਬਿੰਦਗੜ੍ਹ, ਲੁਧਿਆਣਾ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਤਿੰਨ ਨਿਰੰਤਰ ਹਵਾ ਨਿੰਯਤ੍ਰਣ ਸਟੇਸ਼ਨਾਂ ਦੀ ਸਥਾਪਤੀ ਵੀ ਪ੍ਰੀਕਿਆ ਅਧੀਨ ਹੈ। ਲੁਧਿਆਣਾ ਵਿਖੇ ਰੰਗਾਈ ਉਦਯੋਗ ਤੋਂ ਨਿਕਲਦੇ ਗੰਦੇ ਪਾਣੀ ਦੇ ਸ਼ੁਧੀਕਰਨ ਲਈ ਤਿੰਨ ਸਾਂਝੇ ਟਰੀਟਮੈਂਟ ਪਲਾਂਟ ਵੀ ਸਥਾਪਤ ਕੀਤੇ ਜਾ ਰਹੇ ਹਨ।

127. ਗ੍ਰੀਨ ਬ੍ਰਿਜ ਤਕਨਾਲੋਜੀ ਨਾਂ ਦੇ ਪ੍ਰਾਜੈਕਟ ਅਧੀਨ ਬਾਇਉਟਕਨਾਲੋਜੀ ਦੀ ਵਰਤੋਂ ਦੁਆਰਾ ਬੁੱਢਾ ਨਾਲਾ ਦੇ ਪਾਣੀ ਦੀ ਸਫਾਈ ਲਈ ਚਾਰ ਪੁੱਲਾਂ ਦਾ ਨਿਰਮਾਣ ਕੀਤਾ ਗਿਆ ਹੈ। ਪੰਜਵੇਂ ਪੁੱਲ ਦਾ ਢਾਂਚਾਗਤ ਕਾਰਜ ਵੀ ਮੁਕੰਮਲ ਕਰ ਲਿਆ ਗਿਆ ਹੈ।

128. ਪੰਜਾਬ ਦੇ ਰਾਜਪਾਲ ਦੁਆਰਾ ਪੰਜਾਬ ਪਲਾਸਟਿਕ ਕੈਰੀਬੈਗ (ਉਤਪਾਦਨ, ਵਰਤੋਂ ਅਤੇ ਨਿਪਟਾਰਾ), ਨਿਯੰਤ੍ਰਣ (ਤਰਮੀਮ) ਅਧਿਆਦੇਸ਼ 2016 ਜਾਰੀ ਕੀਤਾ ਹੈ। ਇਸ ਅਧਿਆਦੇਸ਼ ਅਧੀਨ ਰਾਜ ਸਰਕਾਰ ਨੇ 1 ਅਪ੍ਰੈਲ ਤੋਂ ਸਮੂਹ ਗ੍ਰਾਮ ਪੰਚਾਇਤਾਂ, ਨਗਰਨਿਗਮਾਂ, ਨਗਰਪਾਲਿਕਾਵਾਂ ਅਤੇ ਨਗਰ ਪੰਚਾਇਤਾਂ ਵਿਚ ਪਲਾਸਟਿਕ ਕੈਰੀ ਬੈਗ ਤੇ ਉਤਪਾਦਨ, ਵਿਕਰੀ ਅਤੇ ਵਰਤੋਂ ਉਪਰ ਰੋਕ ਲਗਾਈ ਹੈ। ਇਸ ਕਾਰਜ ਲਈ ਸਾਲ 2016-17 ਲਈ 133.30 ਕਰੋੜ ਰੁਪਏ ਦੇ ਬਜਟ ਖ਼ਰਚ ਦੀ ਤਜਵੀਜ਼ ਕੀਤੀ ਗਈ ਹੈ। 2016-17 ਦੀ ਸਾਲਾਨਾ ਯੋਜਨਾ ਵਿਚ 19 ਕਰੋੜ ਰੁਪਏ ਦਾ ਖ਼ਰਚ ਮੁਹੱਈਆ ਕਰਵਾਇਆ ਗਿਆ ਹੈ।

**ਖੇਡਾਂ**

129. ਸਰਕਾਰ ਨੇ ਸਾਲ 2015-16 ਦੌਰਾਨ ਪੰਜਾਬ ਰਾਜ ਖੇਡ ਸੰਸਥਾ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

(ਪੀ.ਆਈ.ਐੱਸ) ਦੀ ਸਥਾਪਨਾ ਕੀਤੀ ਹੈ। ਇਸ ਸਿਰਮੌਰ ਸੰਸਥਾ ਦੀ ਅਗਵਾਈ ਅਧੀਨ ਵੱਖ-ਵੱਖ ਖੇਡ ਵੰਨਗੀਆਂ ਵਿਚ ਵੱਖ-ਵੱਖ ਸਥਾਨਾਂ ਤੇ ਆਹਲਾ ਦਰਜੇ ਦੇ ਕੇਂਦਰ ਸਥਾਪਤ ਕੀਤੇ ਗਏ ਹਨ ਅਤੇ 800 ਤੋਂ ਵਧੇਰੇ ਖਿਡਾਰੀਆਂ ਨੂੰ ਪਹਿਲਾਂ ਹੀ ਦਾਖ਼ਲ ਕੀਤਾ ਜਾ ਚੁੱਕਾ ਹੈ। ਸਰਕਾਰ ਦੁਆਰਾ ਇਨ੍ਹਾਂ ਵਿਦਿਆਰਥੀਆਂ ਨੂੰ ਰਿਹਾਇਸ਼ ਅਤੇ ਖਾਣੇ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਜਿਥੇ ਇਨ੍ਹਾਂ ਦੀ ਸਿੱਖਿਆ, ਖੇਡਾਂ, ਖੇਡਾਂ ਦਾ ਸਾਮਾਨ, ਠਹਿਰਾਉ, ਆਵਾਜਾਈ ਆਦਿ ਨਾਲ ਸਬੰਧਤ ਖ਼ਰਚੇ ਵੀ ਸਰਕਾਰ ਦੁਆਰਾ ਕੀਤੇ ਜਾਂਦੇ ਹਨ। (ਥੰਪਿੰਗ)

130. ਖਿਡਾਰੀਆਂ ਨੂੰ ਅਤਿ ਆਧੁਨਿਕ ਖੇਡ ਸਪੋਰਟਸ ਕੰਪਲੈਕਸ ਮੁਹੱਈਆ ਕਰਨ ਦੇ ਵਿਚਾਰ ਨਾਲ ਸਰਕਾਰ ਨੇ 200 ਕਰੋੜ ਰੁਪਏ ਦੀ ਲਾਗਤ ਨਾਲ ਖੇਡ ਬੁਨਿਆਦੀ ਢਾਂਚਾ ਬਣਾਇਆ ਹੈ ਜਿਸ ਵਿਚ ਹੋਰਨਾਂ ਦੇ ਨਾਲ 6 ਹਾਕੀ ਸਟੇਡੀਅਮ ਅਤੇ ਦਸ ਬਹੁਮੰਤਵੀ ਸਟੇਡੀਅਮ ਸ਼ਾਮਲ ਹਨ। 200 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਖੇਡ ਬੁਨਿਆਦੀ ਢਾਂਚੇ ਦੀ ਸਿਰਜਣਾ ਕੀਤੀ ਜਾ ਰਹੀ ਹੈ।

131. ਸਾਲ 2010-11 ਤੋਂ ਸਾਲ 2014-15 ਲਈ ਰਾਜ/ਕੌਮੀ/ਅੰਤਰਰਾਸ਼ਟਰੀ ਟੂਰਨਾਮੈਂਟਾਂ ਦੇ ਮੈਡਲ ਜੇਤੂਆਂ ਨੂੰ ਸਾਲ 2015-16 ਦੌਰਾਨ 15.17 ਕਰੋੜ ਰੁਪਏ ਦੇ ਨਗਦ ਅਵਾਰਡ ਦਿੱਤੇ ਗਏ ਹਨ। (ਥੰਪਿੰਗ) ਪੰਜਾਬ ਸਰਕਾਰ ਨੇ ਕੌਮੀ ਅਤੇ ਅੰਤਰਰਾਸ਼ਟਰੀ ਖੇਡਾਂ ਦੇ ਮੈਡਲ ਜੇਤੂਆਂ ਲਈ ਗ੍ਰਹਿ ਵਿਭਾਗ ਵਿਚ 125 ਅਸਾਮੀਆਂ ਦੀ ਸਿਰਜਨਾ ਕੀਤੀ ਹੈ। 10 ਅਜਿਹੇ ਮੈਡਲ ਜੇਤੂਆਂ ਨੂੰ ਡੀ.ਐਸ.ਪੀ ਵਜੋਂ, 50 ਨੂੰ ਸਬ-ਇੰਸਪੈਕਟਰ ਪੁਲਿਸ ਅਤੇ 65 ਨੂੰ ਕਾਂਸਟੇਬਲ ਵਜੋਂ ਭਰਤੀ ਕੀਤਾ ਜਾਵੇਗਾ। (ਥੰਪਿੰਗ) ਹਰੇਕ ਸਾਲ ਗ੍ਰਹਿ ਵਿਭਾਗ ਵਿਚ 125 ਖਿਡਾਰੀਆਂ ਨੂੰ ਭਰਤੀ ਕਰਨ ਦਾ ਕੈਬਨਿਟ ਵਿਚ ਫ਼ੈਸਲਾ ਲਿਆ ਗਿਆ ਹੈ।

132. ਸਾਲ 2016-17 ਖੇਡਾਂ ਲਈ ਤਜਵੀਜ਼ਤ ਖ਼ਰਚ 137 ਕਰੋੜ ਰੁਪਏ ਹੈ।

## ਜੰਗਲਾਤ ਅਤੇ ਜੰਗਲੀ ਜੀਵ

133. ਸਰਕਾਰ ਨੇ ਰਾਜ ਵਿਚ ਸਾਰੇ ਬੀੜਾਂ ਨੂੰ ਵਾੜ ਲਗਾਉਣ ਦੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ ਹੈ ਤਾਂ ਜੋ ਜੰਗਲ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਜੰਗਲਾਤ ਅਤੇ ਜੰਗਲੀ-ਜੀਵ ਲਈ ਸਾਲ 2016-17 ਲਈ 144 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। (ਥੰਪਿੰਗ)

## ਸਮਾਜਿਕ ਸੁਰੱਖਿਆ

134. ਰਾਜ ਸਰਕਾਰ ਲੱਗਭਗ 17.30 ਲੱਖ ਲਾਭਪਾਤਰਾਂ ਨੂੰ ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਲਾਭ ਮੁਹੱਈਆ ਕਰਵਾਉਂਦੀ ਹੈ। ਮਾਸਕ ਪੈਨਸ਼ਨ/ਲਾਭ ਦੀ ਰਕਮ ਜਨਵਰੀ 2016 ਤੋਂ 250 ਰੁਪਏ ਪ੍ਰਤੀ ਮਹੀਨਾ ਤੋਂ ਦੁਗਣਾ ਵਧਾ ਕੇ 500 ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ। (ਥੰਪਿੰਗ) ਇਨ੍ਹਾਂ ਸਕੀਮਾਂ ਅਧੀਨ 1100 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ।

135. ਸਰਕਾਰ ਨੇ ਗਰੁੱਪ ਏ, ਬੀ, ਸੀ ਅਤੇ ਡੀ ਸੇਵਾਵਾਂ ਵਿਚ ਅਪੰਗ ਵਿਅਕਤੀਆਂ ਲਈ ਪਹਿਲਾਂ ਤੋਂ ਪਈਆਂ ਖਾਲੀ ਆਸਾਮੀਆਂ ਨੂੰ ਭਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ। ਸਬੰਧਤ ਵਿਭਾਗਾਂ ਵਲੋਂ 1446 ਅਜਿਹੀਆਂ ਆਸਾਮੀਆਂ ਲਈ ਭਰਤੀ ਕੀਤੀ ਜਾ ਰਹੀ ਹੈ।

136. ਰਾਜ ਵਿਚ ਸਮੂਹਿਕ ਬਾਲ ਵਿਕਾਸ ਸੇਵਾਵਾਂ ਪ੍ਰੋਗਰਾਮ ਲਾਗੂ ਕੀਤਾ ਗਿਆ ਹੈ ਜਿਸ ਅਧੀਨ 9.5 ਲੱਖ ਬੱਚਿਆਂ ਅਤੇ 3.5 ਲੱਖ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਤਾਵਾਂ ਨੂੰ ਲਾਭ ਮਿਲਿਆ ਹੈ। ਸਮੂਹਿਕ ਬਾਲ ਵਿਕਾਸ ਸੇਵਾਵਾਂ ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਵਿਚ ਰੋਗਾਂ ਤੋਂ ਸੁਰੱਖਿਆ, ਸਪਲੀਮੈਂਟਰੀ ਪੋਸ਼ਣ, ਸਿਹਤ ਜਾਂਚ, ਰੈਫਰੱਲ ਸੇਵਾਵਾਂ, ਪੂਰਵ-ਸਕੂਲੀ ਗੈਰ ਰਸਮੀ ਸਿੱਖਿਆ, ਪੋਸ਼ਣ ਅਤੇ ਸਿਹਤ ਸਿੱਖਿਆ ਸ਼ਾਮਲ ਹਨ। ਇਸ ਪ੍ਰੋਗਰਾਮ ਤਹਿਤ 647 ਕਰੋੜ ਰੁਪਏ ਦੀ ਰਕਮ ਰਾਖਵੀਂ ਰਖੀ ਗਈ ਹੈ ਜਿਸ ਵਿਚ ਨਾਬਾਰਡ ਵਲੋਂ ਸਹਾਇਤਾ ਪ੍ਰਾਪਤ ਪ੍ਰਾਜੈਕਟ ਤਹਿਤ ਆਂਗਨਵਾੜੀ ਕੇਂਦਰਾਂ ਦੀ ਇਮਾਰਤਾਂ ਦੀ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਉਸਾਰੀ ਲਈ 19 ਕਰੋੜ ਰੁਪਏ ਸ਼ਾਮਲ ਹਨ।

137. ਰਾਜ ਸਰਕਾਰ ਨੇ ਅੰਤਰ-ਖੇਤਰੀ ਤਬਦੀਲੀ ਨੂੰ ਮਜ਼ਬੂਤ ਕਰਨ ਅਤੇ ਸਾਰੀਆਂ ਔਰਤ ਭਲਾਈ ਸਕੀਮਾਂ ਅਤੇ ਸਮਾਜਿਕ-ਆਰਥਿਕ ਵਿਕਾਸ ਪ੍ਰੋਗਰਾਮ ਵਿਚ ਤਾਲਮੇਲ ਰੱਖਣ ਦੀ ਪ੍ਰਕਿਰਿਆ ਨੂੰ ਸੁਖਾਲਾ ਕਰਨ ਲਈ ਔਰਤ ਸਸ਼ਕਤੀਕਰਣ ਦੇ ਕੌਮੀ ਮਿਸ਼ਨ ਤਹਿਤ ਰਾਜ ਮਿਸ਼ਨ ਅਥਾਰਟੀ ਦਾ ਗਠਨ ਕੀਤਾ ਹੈ। ਰਾਜ ਸਮੂਹਿਕ ਪੱਧਰ ਦੀਆਂ ਸੇਵਾਵਾਂ ਜਿਸ ਵਿਚ ਹਿੰਸਾ ਤੋਂ ਪੀੜ੍ਹਤ ਔਰਤਾਂ ਲਈ ਮੈਡੀਕਲ (ਕਾਨੂੰਨੀ ਅਤੇ ਮਨੋਵਿਗਿਆਨਕ) ਸਹਾਇਤਾ ਸ਼ਾਮਲ ਹਨ, ਨੂੰ ਪ੍ਰਾਪਤ ਕਰਨ ਲਈ ਬਠਿੰਡਾ ਵਿਖੇ 'ਵਨ ਸਟਾਪ ਸੈਂਟਰ' ਵੀ ਸਥਾਪਤ ਕਰ ਰਿਹਾ ਹੈ। ਜਿਸ ਲਈ 43.82 ਲੱਖ ਰੁਪਏ ਦੇ ਫੰਡ ਦਿੱਤੇ ਗਏ ਹਨ ਅਤੇ ਇਸ ਦੇ 31 ਮਾਰਚ, 2016 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

138. ਸਾਲ 2016-17 ਵਿਚ ਸਮਾਜ ਸੁਰੱਖਿਆ ਅਤੇ ਪੋਸ਼ਣ ਲਈ 2,339 ਕਰੋੜ ਰੁਪਏ ਦੀ ਕੁਲ ਰਕਮ ਰਾਖਵੀਂ ਰਖੀ ਗਈ ਹੈ। ਸਾਲਾਨਾ ਯੋਜਨਾ 2016-17 ਲਈ ਮੁੱਖ ਉਪਬੰਧ ਹੇਠਾਂ ਦਿੱਤੇ ਅਨੁਸਾਰ ਹਨ:

- 1,100 ਕਰੋੜ ਰੁਪਏ-ਬੁਢਾਪਾ ਅਤੇ ਹੋਰ ਪੈਨਸ਼ਨਾਂ ਦੀ ਵੰਡ ਲਈ।
- 647 ਕਰੋੜ ਰੁਪਏ- ਸਮੂਹਿਕ ਬਾਲ ਵਿਕਾਸ ਕੇਂਦਰਾਂ ਲਈ।
- 35 ਕਰੋੜ ਰੁਪਏ-ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਵਾਸਤੇ ਸਮੂਹਿਕ ਬਾਲ ਸੁਰੱਖਿਆ ਸਕੀਮ ਲਈ।
- 22 ਕਰੋੜ ਰੁਪਏ- 9ਵੀਂ ਅਤੇ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਸਾਇਕਲ ਮੁਹੱਈਆ ਕਰਵਾਉਣ ਲਈ ਮਾਈ ਭਾਗੋ ਵਿਦਿਆ ਸਕੀਮ ਦੀ ਸਹਾਇਤਾ ਲਈ।
- 20 ਕਰੋੜ ਰੁਪਏ- ਨੌਜਵਾਨ ਕੁੜੀਆਂ ਨੂੰ ਪੋਸ਼ਣ ਮੁਹੱਈਆ ਕਰਵਾਉਣ ਅਤੇ ਸਿਹਤ, ਪਰਿਵਾਰ ਅਤੇ ਬਾਲ ਸੰਭਾਲ ਬਾਰੇ ਜਾਗਰੂਕਤਾ ਵਿਕਸਤ ਕਰਨ ਲਈ ਰਾਜੀਵ ਗਾਂਧੀ ਸਕੀਮ ਲਈ।

- 15 ਕਰੋੜ ਰੁਪਏ- ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਸਕੀਮ ਲਈ।
- 11 ਕਰੋੜ ਰੁਪਏ- ਪੰਜਾਬ ਦੇ 20 ਜ਼ਿਲ੍ਹਿਆਂ ਵਿਚ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਲਈ।

## ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ

139. ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਰਾਜ ਸਰਕਾਰ ਦੀ ਮੁੱਖ ਤਰਜੀਹ ਹੈ। ਇਸ ਮੱਦ ਅਧੀਨ ਯੋਜਨਾ ਖ਼ਰਚ 984 ਕਰੋੜ ਰੁਪਏ (2015-16) ਤੋਂ ਵਧਾ ਕੇ ਸਾਲਾਨਾ ਯੋਜਨਾ 2016-17 ਲਈ 1060 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

140. ਅਨੁਸੂਚਿਤ ਜਾਤੀ ਆਬਾਦੀ ਲਈ ਉਲੀਕੀਆਂ ਯੋਜਨਾ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਡਾਇਰੈਕਟੋਰੇਟ ਆਫ ਸਡਿਊਲਡ ਕਾਸਟਸ ਸਬ ਪਲਾਨ (ਐਸ.ਪੀ.ਐੱਸ.ਪੀ) ਨੂੰ ਨੋਡਲ ਵਿਭਾਗ ਬਣਾਇਆ ਗਿਆ ਹੈ। ਸਾਲਾਨਾ ਯੋਜਨਾ 2015-16 ਵਿਚ ਐੱਸ.ਸੀ.ਐੱਸ.ਪੀ ਲਈ ਯੋਜਨਾ ਖ਼ਰਚ ਦੇ 32 ਫ਼ੀਸਦ ਦੇ ਬਰਾਬਰ ਰਕਮ ਅਨੁਸੂਚਿਤ ਜਾਤੀ ਆਬਾਦੀ ਲਈ ਰਾਖਵੀਂ ਕੀਤੀ ਗਈ ਹੈ। ਕੁੱਲ 25,479 ਕਰੋੜ ਰੁਪਏ ਦੀ ਪਲਾਨ ਸਕੀਮ ਵਿਚੋਂ 8,625 ਕਰੋੜ ਰੁਪਏ ਐਸ.ਸੀ.ਐਸ.ਪੀ ਸਕੀਮ ਲਈ ਰਾਖਵੇਂ ਕੀਤੇ ਗਏ ਹਨ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਚੋਣ ਕਰਨ ਅਤੇ ਕਿੱਤਿਆਂ ਬਾਰੇ ਜਾਗਰੂਕ ਕਰਨ ਲਈ ਸਾਲ 2015-16 ਵਿਚ ਨੌਵੀਂ ਅਤੇ 12ਵੀਂ ਜਮਾਤ ਵਿਚ ਪੜ੍ਹ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਕੈਰੀਅਰ ਕਾਊਂਸਲਿੰਗ ਲਈ ਜ਼ਿਲ੍ਹਾ ਪੱਧਰ ਤੇ ਨਵੀਂ ਸਕੀਮ ਆਰੰਭ ਕੀਤੀ ਗਈ, ਜਿਸ ਨੂੰ ਸਾਲ 2016-17 ਦੌਰਾਨ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਅਤੇ ਤਹਿਸੀਲ ਅਤੇ ਬਲਾਕ ਪੱਧਰ ਤੱਕ ਲਿਜਾਇਆ ਜਾਵੇਗਾ। ਸਾਲ 2016-17 ਵਿਚ ਘੱਟ ਗਿਣਤੀ ਤਬਕੇ ਦੇ ਵਿਦਿਆਰਥੀਆਂ ਲਈ ਅੰਬੇਦਕਰ ਭਵਨ ਵਿਚ ਮੁਕਾਬਲਾ ਪਰੀਖਿਆਵਾਂ ਲਈ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਕੈਰੀਅਰ ਕਾਉਂਸਲਿੰਗ/ਕੋਚਿੰਗ ਆਰੰਭ ਕੀਤੀ ਜਾਵੇਗੀ।

141. ਸਾਲ 2016-17 ਲਈ ਕੁੱਲ ਰਾਖਵਾਂਕਰਣ 1,278 ਕਰੋੜ ਰੁਪਏ ਹੈ। ਸਾਲਾਨਾ ਯੋਜਨਾ 2016-17 ਲਈ ਵੱਖ-ਵੱਖ ਪ੍ਰੋਗਰਾਮਾਂ ਤਹਿਤ ਪ੍ਰਮੁੱਖ ਉਪਬੰਧ ਨਿਮਨ ਅਨੁਸਾਰ ਹਨ:

- 686 ਕਰੋੜ ਰੁਪਏ- ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਇਸ ਵਿਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫੇ ਅਤੇ ਅਨੁਸੂਚਿਤ ਜਾਤੀ ਦੇ ਮੁੰਡੇ ਅਤੇ ਕੁੜੀਆਂ ਲਈ ਹੋਸਟਲ ਸ਼ਾਮਲ ਹਨ।
- 60 ਕਰੋੜ ਰੁਪਏ- ਘੱਟ ਗਿਣਤੀ ਵਿਦਿਆਰਥੀਆਂ ਲਈ ਬਹੁ ਖੇਤਰੀ ਵਿਕਾਸ ਪ੍ਰੋਗਰਾਮਾਂ ਅਤੇ ਘੱਟ ਗਿਣਤੀ ਵਾਲੇ ਬਲਾਕਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ।
- ਇਸ ਤੋਂ ਇਲਾਵਾ ਘੱਟ ਗਿਣਤੀ ਤਬਕੇ ਦੇ ਵਿਦਿਆਰਥੀ ਭਾਰਤ ਸਰਕਾਰ ਦੀ ਸਿੱਧਾ ਲਾਭ ਟ੍ਰਾਂਸਫਰ ਸਕੀਮਾਂ ਤਹਿਤ 250 ਕਰੋੜ ਰੁਪਏ ਤੱਕ ਦਾ ਵਜ਼ੀਫ਼ਾ ਪ੍ਰਾਪਤ ਕਰਨਗੇ।
- 102 ਕਰੋੜ ਰੁਪਏ- ਪੱਛੜੀਆਂ ਸ਼੍ਰੇਣੀਆਂ ਦੇ ਵਿਕਾਸ ਲਈ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਅਤੇ ਹੋਸਟਲਾਂ ਲਈ।
- 118 ਕਰੋੜ ਰੁਪਏ- ਅਨੁਸੂਚਿਤ ਜਾਤੀ/ਪੱਛੜੀਆਂ ਸ਼੍ਰੇਣੀਆਂ/ ਈਸਾਈ ਲੜਕੀਆਂ/ ਵਿਧਵਾਵਾਂ/ ਤਲਾਕਸ਼ੁਦਾ ਅਤੇ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਧੀਆਂ ਦੇ ਵਿਆਹ ਸਮੇਂ ਪ੍ਰਤੀ ਲਾਭਪਾਤਰੀ 15,000/- ਰੁਪਏ ਦੇ ਸ਼ਗਨ ਲਈ। (ਥੰਪਿੰਗ)!!
- 50 ਕਰੋੜ ਰੁਪਏ- ਪਹਿਲੀ ਤੋਂ ਦਸਵੀਂ ਜਮਾਤ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮੁਫ਼ਤ ਪੁਸਤਕਾਂ ਮੁਹੱਈਆ ਕਰਵਾਉਣ ਲਈ।

**ਸੁਰੱਖਿਆ ਸੇਵਾਵਾਂ ਭਲਾਈ**

142. ਮਾਣਯੋਗ ਮੁੱਖ ਮੰਤਰੀ ਜੀ ਨੇ ਦੇਸ਼ ਵਿਚ ਵੱਖ-ਵੱਖ ਓਪਰੇਸ਼ਨਾਂ

ਦੌਰਾਨ ਸ਼ਹੀਦ ਹੋਏ ਜਾਂ ਅਪੰਗ ਹੋਏ ਫੌਜੀਆਂ ਲਈ ਐਕਸ-ਗ੍ਰੇਸ਼ੀਆ ਵਿਚ ਵਾਧਾ ਕਰਨ ਦੀ ਤਰਮੀਮ ਨੂੰ ਪ੍ਰਵਾਨ ਕੀਤਾ ਹੈ। ਘੁਸਪੈਠ ਓਪਰੇਸ਼ਨਾਂ ਦੌਰਾਨ ਮ੍ਰਿਤਕ ਫੌਜੀਆਂ ਦੇ ਪਰਿਵਾਰ ਨੂੰ 2 ਲੱਖ ਰੁਪਏ ਦੀ ਥਾਂ 5 ਲੱਖ ਰੁਪਏ ਦਾ ਐਕਸ-ਗ੍ਰੇਸ਼ੀਆ ਦਿੱਤਾ ਜਾਵੇਗਾ।

**ਸਰਕਾਰ ਨੇ ਫੌਜੀਆਂ ਲਈ ਵੀ ਵਾਧਾ ਤਰਮੀਮ ਪ੍ਰਵਾਨ ਕੀਤੀ ਹੈ ਜੋ ਹੇਠਾਂ ਦਿੱਤੇ ਅਨੁਸਾਰ ਹੈ:**

- 75 ਫ਼ੀਸਦ ਤੋਂ ਵੱਧ ਅਪੰਗਤਾ ਲਈ: 2 ਲੱਖ ਤੋਂ ਵਧਾ ਕੇ 4 ਲੱਖ ਰੁਪਏ ਕੀਤਾ ਗਿਆ।
- 51 ਫ਼ੀਸਦ ਤੋਂ 75 ਫ਼ੀਸਦ ਵਿਚਕਾਰ ਦੀ ਅਪੰਗਤਾ ਲਈ: 1 ਲੱਖ ਰੁਪਏ ਤੋਂ ਵਧਾ ਕੇ 2 ਲੱਖ ਰੁਪਏ ।
- 25 ਫ਼ੀਸਦ ਅਤੇ 50 ਫ਼ੀਸਦ ਵਿਚਕਾਰ ਦੀ ਅਪੰਗਤਾ ਲਈ: 50000 ਰੁਪਏ ਤੋਂ ਵਧਾ ਕੇ 1 ਲੱਖ ਰੁਪਏ ।

143. ਸੁਰੱਖਿਆ ਸੇਵਾਵਾਂ ਭਲਾਈ ਲਈ 2016-17 ਲਈ 54.52 ਕਰੋੜ ਰੁਪਏ ਦੀ ਰਕਮ ਰਾਖਵਾਂਕਰਨ ਦੀ ਤਜਵੀਜ਼ ਹੈ।

**ਰਾਜ ਪ੍ਰਬੰਧ ਸੁਧਾਰ**

144. ਸਰਕਾਰ (ਸਰਕਾਰੀ ਸੇਵਾਵਾਂ) ਨੂੰ ਘਰ ਦੀਆਂ ਦਹਿਲੀਜ਼ਾਂ ਤੱਕ ਲਿਆਉਣ ਲਈ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ 2,147 ਸੇਵਾ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ। ਇੱਕੋ ਹੀ ਥਾਂ ਤੇ ਸਮੂਹਿਕ ਢੰਗ ਨਾਲ ਨਾਗਰਿਕਾਂ ਨੂੰ ਸੇਵਾ ਅਧਿਕਾਰ ਐਕਟ 2011 ਤਹਿਤ ਅਧਿਸੂਚਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਅਗਸਤ 2016 ਦੇ ਪਹਿਲੇ ਹਫਤੇ ਤੱਕ ਪ੍ਰਾਜੈਕਟ ਨੂੰ ਕਾਰਜਸ਼ੀਲ ਕਰ ਦਿੱਤਾ ਜਾਵੇਗਾ।

145. ਪੰਜਾਬ ਸਰਕਾਰ ਨੇ ਰਾਜ ਵਿਚ ਈ-ਰਾਜ ਪ੍ਰਬੰਧ ਵਿਕਸਤ ਕਰਨ ਨੂੰ ਵੀ ਉੱਚ ਤਰਜੀਹ ਦਿੱਤੀ ਹੈ। ਪੰਜਾਬ ਨੂੰ ਰਾਜ ਵਿਚ ਗੈਰ-ਜ਼ਰੂਰੀ ਹਲਫੀਆ ਬਿਆਨ ਨੂੰ ਖਾਰਜ ਕਰਨ ਦੀ ਵਿਲੱਖਣ ਨਾਗਰਿਕ-ਕੇਂਦਰਤ ਪਹਿਲਕਦਮੀ ਲਈ ਸਰਵੋਤਮ ਰਾਜ-ਪ੍ਰਬੰਧ ਪ੍ਰਚਲਨ (ਵਿਵਹਾਰ) ਪੁਰਸਕਾਰ ਦਿੱਤਾ ਗਿਆ ਹੈ। ਭਾਰਤ ਸਰਕਾਰ ਦੀ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਭਾਰਤ-ਨੈੱਟ ਸਕੀਮ ਤਹਿਤ ਰਾਜ ਦੇ ਹਰੇਕ ਘਰ ਲਈ "ਬ੍ਰਾਂਡਬੈਂਡ ਕੁਨੈਕਟਿਵਿਟੀ" ਮੁਹੱਈਆ ਕੀਤੀ ਜਾਵੇਗੀ। ਭਾਰਤ ਸਰਕਾਰ ਦੁਆਰਾ ਚਲਾਏ ਜਾ ਰਹੇ ਡਿਜੀਟਲ ਇੰਡੀਆ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਰਾਜ ਉਤਸ਼ਾਹ ਦਿਖਾ ਰਿਹਾ ਹੈ। ਇਸ ਪ੍ਰੋਗਰਾਮ ਦਾ ਨਿਰੀਖਣ ਕਰਨ ਲਈ ਲੋੜੀਂਦੀ ਸੰਸਥਾ ਪ੍ਰਣਾਲੀ ਲਈ ਮਾਣਯੋਗ ਮੁੱਖ ਮੰਤਰੀ ਪੰਜਾਬ ਦੀ ਚੇਅਰਮੈਨਸ਼ਿਪ ਤਹਿਤ ਡਿਜੀਟਲ ਇੰਡੀਆ ਤੇ ਇਕ ਰਾਜ ਪੱਧਰੀ ਕਮੇਟੀ ਦਾ ਪਹਿਲਾਂ ਹੀ ਗਠਨ ਕੀਤਾ ਗਿਆ ਹੈ।

146. ਰਾਜ ਦੇ ਲਗਭਗ ਸਾਰੇ 22 ਜ਼ਿਲ੍ਹਿਆਂ ਵਿਚ 42 ਸੇਵਾਵਾਂ ਦੇਣ ਲਈ ਆਟੋਮੇਟਿਡ ਬੈਕ-ਐਂਡ ਪ੍ਰਕਿਰਿਆ ਨਾਲ ਈ-ਜ਼ਿਲ੍ਹਾ ਪ੍ਰਾਜੈਕਟ ਨੂੰ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ। ਸਾਰੇ ਜ਼ਿਲ੍ਹਿਆਂ ਵਿਚ ਕਾਗਜ਼ ਰਹਿਤ ਦਫ਼ਤਰ ਬਣਾਉਣ ਲਈ ਈ-ਆਫਿਸ ਪ੍ਰਾਜੈਕਟ ਜੂਨ, 2016 ਤਕ ਮੁਕੰਮਲ ਕਰ ਲਏ ਜਾਣਗੇ। ਸਾਲਾਨਾ ਯੋਜਨਾ 2016-17 ਵਿਚ 77.36 ਕਰੋੜ ਰੁਪਏ ਦੇ ਖ਼ਰਚ ਦੀ ਤਜਵੀਜ਼ ਹੈ।

**ਆਧਾਰ ਅਤੇ ਸਿੱਧਾ ਲਾਭ ਟ੍ਰਾਂਸਫਰ**

147. ਸ਼੍ਰੀਮਾਨ ਜੀ, ਰਾਜ ਸਰਕਾਰ ਨੇ ਸਮੁੱਚੀ ਵਸੋਂ ਨੂੰ ਇਕ ਵਿਲੱਖਣ ਪਹਿਚਾਣ ਨੰਬਰ ਦੇਣ ਲਈ ਭਾਰਤ ਸਰਕਾਰ ਦੇ ਆਧਾਰ ਪ੍ਰੋਗਰਾਮ ਨੂੰ ਸਫਲਤਾਪੂਰਵਕ ਲਾਗੂ ਕੀਤਾ ਹੈ। ਰਾਜ ਦੀ 2011 ਜਨਗਣਨਾ ਅਨੁਸਾਰ ਸਮੁੱਚੀ ਵਸੋਂ ਲਈ ਆਧਾਰ ਬਣਾਏ ਜਾ ਚੁੱਕੇ ਹਨ। 95 ਫ਼ੀਸਦ ਆਧਾਰ ਦਰਜ ਕਰਨ ਨਾਲ ਭਾਰਤ ਵਿਚ ਹੁਣ ਪੰਜਾਬ ਦਾ ਚੌਥਾ ਸਥਾਨ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਿਸ਼ੇਸ਼ ਧਿਆਨ ਦੇਣ ਲਈ ਰਾਜ ਵਿਚ ਆਂਗਨਵਾੜੀ ਕੇਂਦਰ, ਪਲੇਅ-ਵੇ ਅਤੇ ਪ੍ਰਾਇਮਰੀ ਸਕੂਲਾਂ ਰਾਹੀਂ 100 ਫ਼ੀਸਦ ਟੀਚੇ ਪ੍ਰਾਪਤ ਕਰਨ ਦੀ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ। ਵਿਭਿੰਨ ਡੀ.ਬੀ.ਟੀ. ਸਕੀਮਾਂ ਅਧੀਨ ਤਕਰੀਬਨ 11 ਲੱਖ ਲਾਭਪਾਤਰਾਂ ਨੂੰ 133.58 ਕਰੋੜ ਰੁਪਏ ਦੀ ਰਕਮ ਵੰਡੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਪੇਂਡੂ ਵਿਕਾਸ ਵਿਭਾਗ ਦੀ ਮਹਾਤਮਾ ਗਾਂਧੀ ਨਰੇਗਾ ਸਕੀਮ ਅਧੀਨ 111 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ।

148. ਰਾਜ ਸਰਕਾਰ ਨੇ ਵੱਖ-ਵੱਖ ਰਾਜ ਪੱਧਰ ਦੀਆਂ ਸਕੀਮਾਂ ਵਿਚ ਲਾਭ-ਪਾਤਰਾਂ ਦੇ ਖਾਤਿਆਂ ਵਿਚ ਸਿੱਧੇ ਰੂਪ ਵਿਚ ਲਾਭਾਂ ਦੀ ਵੰਡ ਲਈ ਡੀ.ਬੀ.ਟੀ. ਰੋਲ ਆਊਟ ਕੀਤਾ ਹੈ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਵਿਭਾਗ ਦੀਆਂ ਸਕੀਮਾਂ ਅਧੀਨ 7.31 ਲੱਖ ਲਾਭਪਾਤਰਾਂ ਨੂੰ 89.84 ਕਰੋੜ ਰੁਪਏ ਵੰਡੇ ਗਏ ਹਨ। ਇਸ ਤੋਂ ਇਲਾਵਾ 2015-16 ਦੌਰਾਨ ਇਲੈਕਟ੍ਰਾਨਿਕ ਲਾਭ ਟ੍ਰਾਂਸਫਰ-ਬਾਇਓਮੀਟਰਿਕ ਸਮਾਰਟ ਕਾਰਡ ਪ੍ਰਾਜੈਕਟ ਰਾਹੀਂ ਰਾਜ ਪੱਧਰੀ ਪੈਨਸ਼ਨ ਸ਼ਕੀਮ ਤਹਿਤ 16.61 ਲੱਖ ਲਾਭ ਪਾਤਰਾਂ ਨੂੰ 321.67 ਕਰੋੜ ਰੁਪਏ ਵੰਡੇ ਗਏ ਹਨ।

## ਗ੍ਰਹਿ ਮਾਮਲੇ ਅਤੇ ਨਿਆਂ

149. ਰਾਜ ਸਰਕਾਰ ਨੇ ਮਹੱਤਵਪੂਰਣ ਗੀਤੀਵਿਧੀਆਂ ਸ਼ੁਰੂ ਕੀਤੀਆਂ ਹਨ ਜਿਵੇਂ ਕਿ ਪੰਜਾਬ ਪੁਲਿਸ ਹੈਂਲਪਲਾਈਨ (ਡਾਇਲ 181) ਅਤੇ ਸਾਂਝ ਕੇਂਦਰ। ਪੰਜਾਬ ਪੁਲਿਸ ਦੇ ਐਨ.ਆਰ.ਆਈ. ਅਤੇ ਇਸਤਰੀ ਵਿੰਗ ਨੂੰ ਵੀ ਪੰਜਾਬ ਪੁਲਿਸ ਹੈਲਪਲਾਈਨ 181 ਨਾਲ ਜੋੜਿਆ ਗਿਆ ਹੈ। ਸਾਂਝ ਕੇਂਦਰਾਂ ਵਿਚ ਤਿੰਨ ਪੁਲਿਸ ਕਮਿਸ਼ਨਰਾਂ ਦੇ ਅਧਿਕਾਰ ਖੇਤਰ ਵਿਚ 41 ਪੁਲਿਸ ਸਬੰਧ ਸੇਵਾਵਾਂ ਅਤੇ ਹੋਰ ਜ਼ਿਲ੍ਹਿਆਂ ਦੇ ਅਧਿਕਾਰ ਖੇਤਰ ਵਿਚ 27 ਪੁਲਿਸ ਸਬੰਧੀ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

150. ਕ੍ਰਾਈਮ ਅਤੇ ਕਰੀਮਿਨਲ ਟ੍ਰੈਕਿੰਗ ਨੈੱਟਵਰਕ ਸਿਸਟਮ (ਸੀ.ਸੀ.ਟੀ.ਐਨ.ਐਸ) ਅਧੀਨ 561 ਸਾਈਟਾਂ ਵਿਚੋਂ ਕੁਲ 527 ਸਾਈਟਾਂ ਇਸ ਵਿਚ ਸ਼ਾਮਲ ਕੀਤੀਆਂ ਜਾਣਗੀਆਂ। ਚੇਂਜ ਮੈਨੇਜਮੈਂਟ ਵਰਕਸ਼ਾਪਾਂ 25 ਜ਼ਿਲ੍ਹਿਆਂ ਵਿਚ ਸੰਚਾਲਿਤ ਕੀਤੀਆਂ ਗਈਆਂ ਹਨ, 182 ਪੁਲਿਸ ਸਟੇਸ਼ਨਾਂ ਵਿਚ ਸੀ.ਸੀ.ਟੀ.ਐਨ.ਐਸ. ਕੋਰ ਐਪਲੀਕੇਸ਼ਨ ਸਾਫਟਵੇਅਰ ਰਾਹੀਂ ਐੱਫ.ਆਈ.ਆਰ ਦਰਜ ਕਰਨੀ ਸ਼ੁਰੂ ਕੀਤੀ ਗਈ ਹੈ ਅਤੇ 270 ਪੁਲਿਸ ਸਟੇਸ਼ਨਾਂ ਵਿਚ ਸੀ.ਸੀ.ਟੀ.ਐੱਨ. ਕੋਰ ਐਪਲੀਕੇਸ਼ਨ ਸਾਫਟਵੇਅਰ (ਸੀ.ਏ.ਐਸ) ਰਾਹੀਂ ਜਨਰਲ ਡਾਇਰੀ ਇੰਦਰਾਜ ਕਰਨੇ ਸ਼ੁਰੂ ਕੀਤੇ ਗਏ ਹਨ।

151. ਸੁਰੱਖਿਅਤ ਸ਼ਹਿਰ ਪ੍ਰਾਜੈਕਟ ਅਧੀਨ ਸ਼ਹਿਰਾਂ ਵਿੱਚ ਅਤਿ ਆਧੁਨਿਕ

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸੀ. ਸੀ.ਟੀ.ਵੀ ਕੈਮਰੇ ਅਤੇ ਸਬੰਧਤ ਕੰਪਿਊਟਰ ਸਿਸਟਮ ਸਥਾਪਤ ਕੀਤੇ ਜਾਣਗੇ ਜੋ ਟ੍ਰੈਫਿਕ ਦੇ ਨਿਯਮ ਪਾਲਣਾ ਅਤੇ ਅਪਰਾਧ ਦੀ ਰੋਕਥਾਮ ਨੂੰ ਵਧੇਰੇ ਪ੍ਰਭਾਵੀ ਬਣਾਉਣਗੇ।

152. ਸਾਲ 2016-17 ਲਈ ਕੁਲ 6,290 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸਾਲ 2016-17 ਦੌਰਾਨ ਮਹੱਤਵਪੂਰਨ ਸਕੀਮਾਂ ਅਨੁਸਾਰ ਯੋਜਨਾ ਦਾ ਉਪਬੰਧ ਨਿਮਨ ਅਨੁਸਾਰ ਕੀਤਾ ਜਾਵੇਗਾ:-

120 ਕਰੋੜ ਰੁਪਏ- ਨਿਆਂ ਵਿਵਸਥਾ ਲਈ ਬੁਨਿਆਦੀ ਢਾਂਚਾ ਸਹੂਲਤਾਂ ਲਈ।

- ☐ 30.50 ਕਰੋੜ ਰੁਪਏ- ਅਪਰਾਧ ਦੀ ਰੋਕਥਾਮ ਅਤੇ ਪੁਲਿਸ ਪਬਲਿਕ ਸਬੰਧਾਂ ਦੇ ਸੁਧਾਰ ਲਈ।
- ☐ 14.84 ਕਰੋੜ ਰੁਪਏ- ਪੁਲਿਸ ਅਧਿਕਾਰੀ/ਕਰਮਚਾਰੀਆਂ ਲਈ ਭੂਮੀ ਦੀ ਖਰੀਦ ਅਤੇ ਮਕਾਨ ਉਸਾਰੀ ਲਈ।
- ☐ 10.14 ਕਰੋੜ ਰੁਪਏ- ਪੁਲਿਸ ਫੋਰਸਾਂ ਦੇ ਆਧੁਨਿਕੀਕਰਣ ਲਈ।

## ਬਜਟ ਅਨੁਮਾਨ 2016-17

ਸ੍ਰੀਮਾਨ ਸਪੀਕਰ ਸਾਹਿਬ, ਹੁਣ ਮੈਂ ਇਸ ਅਜ਼ੀਮ ਸਦਨ ਦੇ ਸਾਹਮਣੇ ਵਿੱਤੀ ਸਾਲ 2016-17 ਲਈ ਬਜਟ ਅਨੁਮਾਨ ਪੇਸ਼ ਕਰਦਾ ਹਾਂ ਜੋ ਕਿ ਹੇਠ ਲਿਖੇ ਅਨੁਸਾਰ ਹਨ:-

## ਬਜਟ ਇਕ ਝਾਤ

153. ਸਾਲ 2016-17 ਲਈ ਕੁਲ ਬਜਟ ਆਕਾਰ 86,387 ਕਰੋੜ ਰੁਪਏ ਹੈ ਪ੍ਰੰਤੂ ਵਾਸਤਵਿਕ ਬਜਟ ਦਾ ਆਕਾਰ 66,887 ਕਰੋੜ ਰੁਪਏ ਹੈ। ਕਿਉਂਜੋ ਉਪਰੋਕਤ ਰਕਮ ਵਿਚ ਮੌਜੂਦਾ ਸਾਲ ਲਈ ਉਪਾਅ ਅਤੇ ਸਾਧਨ ਲੈਣ-ਦੇਣ ਲਈ 19,500 ਕਰੋੜ ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ। ਸਾਲ ਦਾ ਆਰੰਭ (-) 610 ਕਰੋੜ ਰੁਪਏ ਦੇ ਆਰੰਭਕ ਬਕਾਏ ਤੋਂ ਹੁੰਦਾ ਹੈ। ਕੁਲ ਪ੍ਰਾਪਤੀਆਂ 66,095 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਸਾਲ 2016-17 ਦਾ ਅੰਤਮ ਬਕਾਇਆ (-) 85 ਕਰੋੜ ਰੁਪਏ ਹੋਵੇਗਾ। ਇਸ ਦੇ ਵੇਰਵੇ

ਹੇਠਾਂ ਦਿੱਤੇ ਅਨੁਸਾਰ ਹਨ:

ਰਕਮ ਕਰੋੜਾਂ ਵਿਚ

| ਲੜੀ ਮੱਦ ਨੰ: | | 2015-16 (ਸੋਧੇ ਅਨੁਮਾਨ) | 2016-17 (ਬਜਟ ਅਨੁਮਾਨ) |
|---|---|---|---|
| | ਆਰੰਭਕ ਬਕਾਇਆ | (-)1064 | (-)610 |
| 1 | **ਸੰਚਿਤ ਫੰਡ** | | |
| | **ਪ੍ਰਾਪਤੀਆਂ** | 60,264 | 66,095 |
| | ੳ. ਮਾਲ ਆਮਦਨ ਪ੍ਰਾਪਤੀਆਂ | 45,603 | 50,181 |
| | ਅ. ਪੂੰਜੀਗਤ ਪ੍ਰਾਪਤੀਆਂ | 14,660 | 15,914 |
| | i. ਜਨਤਕ ਕਰਜ਼ੇ ਤੋਂ ਵਸੂਲੀਆਂ* | 14,534 | 15,815 |
| | ii. ਕਰਜ਼ਾ ਅਤੇ ਪੇਸ਼ਗੀਆਂ ਤੋਂ ਵਸੂਲੀਆਂ | 126 | 99 |
| | **ਖਰਚ** | 61,600 | 66,887 |
| | ੳ ਮਾਲ ਆਮਦਨ ਖਰਚ | 53,165 | 58,164 |
| | i. ਵਿਕਾਸ ਖਰਚ | 27,857 | 29,799 |
| | ii. ਗੈਰ ਵਿਕਾਸ ਖਰਚ | 25,308 | 28,365 |
| | ਅ. ਪੂੰਜੀਗਤ ਲਾਗਤ | 4,354 | 4,804 |
| | i. ਵਿਕਾਸ ਖਰਚ | 3,990 | 4,373 |
| | ii. ਗੈਰ-ਵਿਕਾਸ ਖਰਚ | 364 | 431 |
| | ੲ. ਜਨਤਕ ਕਰਜ਼ੇ ਦੀ ਅਦਾਇਗੀ * | 3636 | 3519 |
| | ਸ. ਕਰਜ਼ਿਆਂ ਅਤੇ ਪੇਸ਼ਗੀਆਂ ਦੀ ਵੰਡ | 445 | 400 |

[ ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

| | | |
|---|---|---|
| **2. ਅਚੇਤ ਫੰਡ** | | |
| **3. ਜਨਤਕ ਲੇਖਾ (ਨਿਰੋਲ)** | 1791 | 1316 |
| ਅੰਤਮ ਬਕਾਇਆ | (–)610 | (–)85 |

*ਉਪਾਅ ਅਤੇ ਸਾਧਨ/ਓਵਰਡਰਾਫਟ ਵਿਚ ਪ੍ਰਾਪਤੀਆਂ ਅਤੇ ਅਦਾਇਗੀਆਂ ਕਾਰਨ ਸਾਲ 2016-17 (ਬਜਟ ਅਨੁਮਾਨ) ਲਈ 19,500 ਕਰੋੜ ਰੁਪਏ ਅਤੇ ਸਾਲ 2015-16 (ਸੋਧੇ ਅਨੁਮਾਨ) ਲਈ 17,000 ਕਰੋੜ ਰੁਪਏ ਦੀ ਰਕਮ ਸ਼ਾਮਲ ਨਹੀਂ ਹੈ।

ਸਾਲ 2016-17 (ਬਜਟ ਅਨੁਮਾਨ) ਦੀਆਂ ਪ੍ਰਾਪਤੀਆਂ ਤੋਂ ਵੱਧ ਦੇ 791 ਕਰੋੜ ਰੁਪਏ ਦਾ ਖ਼ਰਚ ਜਨਤਕ ਲੇਖੇ ਵਿਚੋਂ ਪੂਰਾ ਕੀਤਾ ਜਾਵੇਗਾ। (1316 ਕਰੋੜ ਰੁਪਏ) ਅਰੰਭਕ ਬਕਾਇਆ (–) 610 ਕਰੋੜ ਰੁਪਏ ਅਤੇ ਅੰਤਮ ਬਕਾਇਆ (–) 85 ਕਰੋੜ ਰੁਪਏ

ਉਪਰੋਕਤ ਅਨੁਮਾਨਾਂ ਨਾਲ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ 2.88 ਫ਼ੀਸਦ ਅਤੇ ਮਾਲ ਆਮਦਨ ਘਾਟਾ ਕੁੱਲ ਘਰੇਲੂ ਉਤਪਾਦ ਦਾ 1.76 ਫ਼ੀਸਦ ਹੋਵੇਗਾ।

**ਸਿੱਟਾ**

ਮਾਣਯੋਗ ਸਪੀਕਰ ਸਾਹਿਬ,

154. ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸਾਡੇ ਹਰਮਨ ਪਿਆਰੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ, ਸਾਡੇ ਬਹੁਤ ਹੀ ਗਤੀਸ਼ੀਲ ਆਗੂ ਮਾਣਯੋਗ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਜੀ ਬਾਦਲ ਵਲੋਂ ਦਿੱਤੀ ਯੋਗ ਅਗਵਾਈ ਅਤੇ ਵੱਡਮੁੱਲੇ ਸਹਿਯੋਗ ਲਈ ਸ਼ੁਕਰੀਆ ਅਦਾ ਕਰਦਾ ਹਾਂ। (ਥੰਪਿੰਗ)

155. ਮੈਂ ਮਾਣਯੋਗ ਸਪੀਕਰ ਸਾਹਿਬ ਅਤੇ ਇਸ ਅਜ਼ੀਮ ਸਦਨ ਦੇ ਸਮੁੱਚੇ ਮੈਂਬਰ ਸਾਹਿਬਾਨ ਦਾ ਉਨ੍ਹਾਂ ਵਲੋਂ ਦਿੱਤੇ ਮਹੱਤਵਪੂਰਣ ਸੁਝਾਵਾਂ ਅਤੇ ਸਹਿਯੋਗ ਲਈ ਧੰਨਵਾਦ ਕਰਦਾ ਹਾਂ। (ਥੰਪਿੰਗ) ਮੈਂ ਵਧੀਕ ਮੁੱਖ ਸਕੱਤਰ ਵਿੱਤ, ਪ੍ਰਮੁੱਖ ਸਕੱਤਰ ਯੋਜਨਾ, ਸਕੱਤਰ, ਖ਼ਰਚ ਅਤੇ ਵਿੱਤ ਅਤੇ ਯੋਜਨਾ ਵਿਭਾਗ ਦੇ ਅਫਸਰਾਂ ਦੀ ਸਮੁੱਚੀ ਟੀਮ ਦਾ ਵੀ

ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਲ 2016-17 ਦੇ ਬਜਟ ਅਤੇ ਸਾਲਾਨਾ ਯੋਜਨਾ ਦੀ ਤਿਆਰੀ ਲਈ ਅਣਥੱਕ ਕਾਰਜ ਕੀਤਾ ਹੈ।

156. ਸ਼੍ਰੀਮਾਨ ਜੀ, ਇਨ੍ਹਾਂ ਸ਼ਬਦਾਂ ਨਾਲ ਮੈਂ ਸਾਲ 2016-17 ਲਈ 86,387 ਕਰੋੜ ਰੁਪਏ ਦੀਆਂ ਬਜਟ ਤਜਵੀਜ਼ਾਂ ਅਤੇ 25,479 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਇਸ ਅਜ਼ੀਮ ਸਦਨ ਦੇ ਸਨਮੁੱਖ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ। (ਥੰਪਿੰਗ)

ਜੈ ਹਿੰਦ!

**ਮਾਨਯੋਗ ਸਪੀਕਰ :** ਹੁਣ ਸਦਨ ਬੁੱਧਵਾਰ, ਮਿਤੀ 16 ਮਾਰਚ, 2016 ਨੂੰ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

*12.30 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਬੁੱਧਵਾਰ, ਮਿਤੀ 16 ਮਾਰਚ, 2016 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

------

© 2016

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

9023/03-2016/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ